ਨਵੀਨ ਸਿੱਖ ਨਾਂਵਾਂ ਦਾ ਕੋਸ਼

ਡਾ. ਪੂਰਨ ਸਿੰਘ

ਏਸੇ ਕਲਮ ਤੋਂ :

- ਕਿਵ ਸਚਿਆਰਾ ਹੋਈਐ
- ਗੁਰਮਤਿ ਦਰਸ਼ਨ ਦੀ ਵਿਲੱਖਣਤਾ
- ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਭਰਮ
- ਸੰਗਰਾਂਦ ਦੀ ਮਹੱਤਤਾ ਕਿਵੇਂ ?

ਨਵੀਨ

ਸਿੱਖ ਨਾਂਵਾਂ ਦਾ ਕੋਸ਼

ਡਾ. ਪੂਰਨ ਸਿੰਘ (ਵੈਨਕੂਵਰ)
ਪੀ-ਐੱਚ.ਡੀ.

ਸਿੰਘ ਬ੍ਰਦਰਜ਼
ਅੰਮ੍ਰਿਤਸਰ

NAVEEN SIKH NANWAN DA KOSH
by
DR. PURAN SINGH
334 EAST 48th AVE
VANCOUVER, B.C. V5W 2E3 CANADA
Ph. 604-325-3784
E-mail : purang@interchange.ubc.ca

ISBN 81-7205-323-1

ਸਿੰਘ ਬ੍ਰਦਰਜ਼ ਵੱਲੋਂ
ਪਹਿਲੀ ਵਾਰ ਸਤੰਬਰ 2004

ਮੁੱਲ : 125-00 ਰੁਪਏ

ਪ੍ਰਕਾਸ਼ਕ :
ਸਿੰਘ ਬ੍ਰਦਰਜ਼

•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
•
S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

ਪ੍ਰਿੰਟਰਜ਼ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਪਿਆਰੇ ਸਪੁੱਤਰ ਜਪਜੋਤਿ ਸਿੰਘ ਗਿੱਲ

ਅਤੇ

ਦੇਸ਼ ਤੇ ਵਿਦੇਸ਼ਾਂ 'ਚ ਜੰਮੇ ਸਮੂਹ ਨੌਜਵਾਨਾਂ ਨੂੰ
ਜਿਨ੍ਹਾਂ ਨੇ ਪੱਛਮੀ ਸੱਭਿਆਚਾਰ ਤੋਂ ਅਭਿੱਜ
ਰਹਿ ਕੇ ਸਿੱਖੀ ਸਰੂਪ ਨੂੰ ਪਿੱਠ ਨਹੀਂ ਦਿਖਾਈ

ਧੰਨਵਾਦ

ਨਿਓਟਿਆਂ ਦੀ ਓਟ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਅਤੇ ਸ੍ਰਿਸ਼ਟੀ ਦੇ ਰਚਣਹਾਰ ਦਾ, ਜਿਸ ਨੇ ਨਿਮਾਣੇ ਜਿਹੇ ਦਾਸ ਨੂੰ ਉੱਦਮ ਬਖ਼ਸ਼ ਕੇ ਇਸ ਨਾਂਵ ਕੋਸ਼ ਦੀ ਰਚਨਾ ਕਰਾਈ। ਉਪਰੰਤ ਸਮੂਹ ਸਨੇਹੀਆਂ, ਪ੍ਰੇਮੀਆਂ ਅਤੇ ਘਰ ਦੀ ਗੀਹਣ ਸਰਦਾਰਨੀ ਹਰਜੀਤ ਕੌਰ ਦਾ ਅਤੇ ਮਨਦੀਪ ਕੌਰ (ਭਤੀਜੇ ਦੀ ਵਹੁਟੀ) ਦਾ, ਜਿਨ੍ਹਾਂ ਨੇ ਪੜ੍ਹਨ-ਲਿਖਣ ਦੇ ਵਾਤਾਵਰਣ ਨੂੰ ਸੁਖਾਵਾਂ ਬਣਾਈ ਰੱਖਣ ਵਿਚ ਸਹਿਯੋਗ ਦਿੱਤਾ। ਮਨਦੀਪ ਕੌਰ ਨੇ ਨਵੇਂ ਨਾਂਵ ਲੱਭਣ ਵਿਚ ਕਾਫ਼ੀ ਮੱਦਦ ਕੀਤੀ ਅਤੇ ਆਪਣੇ ਭਤੀਜੇ ਸ: ਅਮਰਦੀਪ ਸਿੰਘ ਦਾ ਵੀ ਧੰਨਵਾਦੀ ਹਾਂ, ਜਿਸ ਨੇ ਪੁਸਤਕ ਛਪਵਾਉਣ ਵਿਚ ਸਹਿਯੋਗ ਦਿੱਤਾ।

ਸਿੱਖ ਨਾਂਵਾਂ ਦੀ ਵਿਲੱਖਣਤਾ

ਕੋਈ 30 ਕੁ ਸਾਲ ਪਹਿਲਾਂ ਦੀ ਗੱਲ ਹੈ, ਬੀ.ਸੀ. (ਕੈਨੇਡਾ) ਪ੍ਰਾਂਤ ਵਿਚ ਇਕ ਸਿੱਖ ਜਿਸ ਨੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ, ਯੂ.ਐੱਸ.ਏ. ਤੋਂ ਐਗਰੀਕਲਚਰ ਦੇ ਵਿਸ਼ੇ 'ਤੇ ਪੀ-ਐੱਚ.ਡੀ. ਕੀਤੀ, ਉਸਦੀ ਬੀ.ਸੀ. ਸਰਕਾਰ ਅਧੀਨ ਉੱਚ-ਪਦ ਡਾਇਰੈਕਟਰ ਦੇ ਤੌਰ 'ਤੇ ਨਿਯੁਕਤੀ ਹੋਈ। ਉਨ੍ਹਾਂ ਦਾ ਪੂਰਾ ਨਾਂਵ ਡਾਕਟਰ ਸਤਿਵੰਤ ਸਿੰਘ ਸੀ, ਪਰ ਉਸਦੇ ਵਿਭਾਗ ਦੇ ਕਰਮਚਾਰੀ ਚਾਹੁੰਦੇ ਸਨ ਕਿ ਉਸਦਾ ਕੋਈ ਉਪ-ਨਾਂਵ ਘੜ ਲਿਆ ਜਾਵੇ। ਉਨ੍ਹਾਂ ਡਾਕਟਰ ਸਤਿਵੰਤ ਸਿੰਘ ਨੂੰ ਕਿਹਾ, "ਤੁਸੀਂ ਮਹਿਸੂਸ ਤਾਂ ਨਹੀਂ ਕਰੋਗੇ, ਜੇ ਅਸੀਂ ਤੁਹਾਨੂੰ ਛੋਟੇ ਨਾਂਵ 'ਸੈਟ' ਨਾਲ ਪੁਕਾਰਿਆ ਕਰੀਏ ?" ਡਾਕਟਰ ਹੋਰਾਂ ਬੜੀ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ, "ਮੇਰਾ ਖ਼ਿਆਲ ਹੈ, ਤੁਸੀਂ ਇਤਨੇ ਬੁੱਧੂ ਨਹੀਂ ਹੋ ਕਿ ਤੁਹਾਨੂੰ ਮੇਰਾ ਪੂਰਾ ਨਾਂਵ ਵੀ ਉਚਾਰਨਾ ਅਸੰਭਵ ਹੋਵੇ। ਮੇਰਾ ਨਾਂਵ ਸਤਿਵੰਤ ਸਿੰਘ ਹੈ, ਕ੍ਰਿਪਾ ਕਰਕੇ ਮੇਰਾ ਪੂਰਾ ਨਾਂਵ ਹੀ ਲੈ ਕੇ ਬੁਲਾਉਣਾ।" ਦਾਸ ਨੂੰ ਉਨ੍ਹਾਂ ਨੇ ਇਸ ਹੱਡ-ਬੀਤੀ ਬਾਰੇ ਸਾਲ 1985-86 ਵਿਚ ਦੱਸਿਆ।

ਅਮਰੀਕਾ ਵਿਚ ਵੱਸੇ ਪ੍ਰਸਿੱਧ ਲਿਖਾਰੀ ਤੇ ਮੈਡੀਕਲ ਡਾਕਟਰ ਸਵਰਾਜ ਸਿੰਘ ਜੀ ਪੰਜਾਬੀ ਭਾਈਚਾਰੇ ਦੇ ਲੋਕਾਂ ਅੰਦਰ ਸੱਭਿਆਚਾਰਕ ਹੀਣਤਾ ਬਾਰੇ ਲਿਖਦੇ ਹਨ :

> "ਉੱਤਰੀ ਅਮਰੀਕਾ ਵਿਚ ਕਈ ਸਾਲਾਂ ਤੋਂ ਰਹਿਣ ਤੋਂ ਬਾਅਦ ਮੇਰਾ ਇਹ ਨਿੱਜੀ ਤਜਰਬਾ ਹੈ ਕਿ ਪੰਜਾਬੀ ਭਾਈਚਾਰੇ ਵਿਚ ਹੋਰਨਾਂ ਦੇ ਮੁਕਾਬਲੇ ਤਬਦੀਲੀ ਦੀ ਰਫ਼ਤਾਰ ਬਹੁਤ ਤੇਜ਼ ਹੈ। ਸਿੱਧੀਆਂ-ਸਾਦੀਆਂ ਪੰਜਾਬੀ ਕੁੜੀਆਂ ਵੈਨਕੂਵਰ ਵਿਚ ਇਕ ਸਾਲ ਬਾਅਦ ਹੀ ਏਨੀਆਂ ਬਦਲ ਜਾਂਦੀਆਂ ਹਨ ਕਿ ਜਿਸਦੀ ਕਲਪਨਾ ਕਰਨੀ ਵੀ ਅਸੰਭਵ ਹੈ। ਨਰਿੰਦਰ ਕੌਰ, ਸੁਰਿੰਦਰ ਕੌਰ ਅਤੇ ਪਰਮਜੀਤ ਕੌਰ ਆਪਣਾ ਪਹਿਰਾਵਾ ਅਤੇ ਵਾਲਾਂ ਦਾ ਸਟਾਈਲ ਬਦਲ ਕੇ ਨੈਂਸੀ ਗਰੇਵਾਲ, ਸੈਂਡੀ ਸੰਧੂ ਅਤੇ ਪੈਮ ਗਿੱਲ ਬਣ ਕੇ ਪਛਾਣੀਆਂ ਹੀ ਨਹੀਂ ਜਾਂਦੀਆਂ। ਜਰਨੈਲ ਸਿੰਘ ਅਤੇ ਮਹਿੰਦਰ ਸਿੰਘ ਦੀ ਦਸ਼ਾ ਵੀ ਇਨ੍ਹਾਂ ਤੋਂ ਕੋਈ ਜ਼ਿਆਦਾ ਵੱਖਰੀ ਨਹੀਂ, ਉਨ੍ਹਾਂ ਦੇ ਵਾਲਾਂ ਦੇ ਸਟਾਈਲ, ਪਹਿਰਾਵੇ ਦੇ ਨਾਲ ਨਾਲ ਉਨ੍ਹਾਂ ਦੇ ਕੰਨਾਂ ਵਿਚ ਵਾਲੀਆਂ (ਮੁੰਦਰਾਂ) ਦੇਖ ਕੇ ਅਤੇ ਉਨ੍ਹਾਂ ਦੇ ਨਵੇਂ ਨਾਂਵ ਜਿਮੀ, ਮੋਹ ਸੁਣ ਕੇ ਇਹ ਪੰਜਾਬ ਦੇ ਪਿੰਡਾਂ ਦੀ ਥਾਂ ਕਿਸੇ ਗੈਂਗ ਦੀ ਪੈਦਾਵਾਰ ਲੱਗਦੇ ਹਨ।"
>
> *(ਆ ਸਿੱਖ ਪੰਜਾਬ ਤੂੰ ਘਰ ਆ, ਪੰਨਾ 43-44)*

ਸਾਡੇ ਸਿੱਖ ਨਾਂਵਾਂ ਦੀ ਆਪਣੀ ਵਿਲੱਖਣਤਾ ਹੈ, ਭਾਵੇਂ ਪੰਜਾਬੀ ਸਾਹਿਤ ਦੇ ਬਹੁ-ਲਿਖਾਰੀ ਜਾਂ ਕਮਿਊਨਿਸਟ ਵਿਚਾਰਧਾਰਾ ਦੇ ਹਾਮੀ ਲੋਕਾਂ ਨੂੰ 'ਸਿੰਘ' ਜਾਂ 'ਕੌਰ' ਨਾਂਵਾਂ ਨਾਲ ਚਿੜ ਹੈ। ਉਹ ਸੋਚਦੇ ਹਨ, ਜੇ ਸਿੰਘ ਜਾਂ ਕੌਰ ਨਾਂਵ ਦਾ ਪ੍ਰਯੋਗ ਕਰਨਗੇ ਤਾਂ ਉਹ ਧਰਮੀ ਪੁਰਖ ਲੱਗਣਗੇ ਜਾਂ ਇਹ ਵੀ ਸੰਭਵ ਹੈ ਕਿ ਉਹ ਸ਼ਾਇਦ ਅਨੁਭਵ ਕਰਦੇ ਹੋਣਗੇ ਕਿ ਲਿਖਾਰੀਆਂ ਦੀ ਸ਼੍ਰੇਣੀ ਵਿਚ ਵੱਡੇ ਬਣਨ ਲਈ 'ਸਿੰਘ' ਤੇ 'ਕੌਰ' ਤੋਂ ਰਹਿਤ ਹੀ ਨਾਂਵ ਯੋਗ ਹਨ। ਇਹ 'ਸਿੰਘ' ਜਾਂ 'ਕੌਰ' ਰਾਜਪੂਤਾਂ ਜਾਂ ਹਿੰਦੂ ਜੱਟਾਂ ਵਿਚ ਵੀ ਪ੍ਰਚਲਿਤ ਹਨ ਅਤੇ ਉਨ੍ਹਾਂ ਲੋਕਾਂ ਨੂੰ 'ਸਿੰਘ' ਨਾਂਵ ਤੋਂ ਕਦੀ ਚਿੜ ਨਹੀਂ ਹੋਈ।

ਕੀ ਉਹ ਲਿਖਾਰੀ ਸਫਲ ਨਹੀਂ ਹੋਏ, ਜਿਨ੍ਹਾਂ ਨੇ 'ਸਿੰਘ' ਤੇ 'ਕੌਰ' ਨਾਂਵਾਂ ਦਾ ਪ੍ਰਯੋਗ ਕੀਤਾ ? ਜਿਵੇਂ ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਬਚਿੰਤ ਕੌਰ, ਕਰਤਾਰ ਸਿੰਘ ਦੁੱਗਲ, ਹਰਿਭਜਨ ਸਿੰਘ, ਭਾਈ ਵੀਰ ਸਿੰਘ, ਕੇਸਰ ਸਿੰਘ, ਡਾ. ਦੀਵਾਨ ਸਿੰਘ (ਕਾਲੇ ਪਾਣੀ), ਸੁਰਜੀਤ ਸਿੰਘ ਸੇਠੀ, ਪ੍ਰਭਜੋਤਿ ਕੌਰ, ਦਲੀਪ ਕੌਰ ਟਿਵਾਣਾ। ਜੇਕਰ 'ਸਿੰਘ' ਜਾਂ 'ਕੌਰ' ਨਾਂਵਾਂ ਤੋਂ ਨਫ਼ਰਤ ਹੈ, ਤਾਂ ਸਾਹਿਤ ਲਿਖਾਰੀਆਂ ਨੂੰ ਜਾਤ, ਨਾਂਵ ਦਾ ਵੀ ਪ੍ਰਯੋਗ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਅਤੇ "ਮਾਨਸ ਕੀ ਜਾਤ ਸਭੈ ਏਕੈ" ਦੇ ਪ੍ਰਚਾਰ ਲਈ ਯਤਨਸ਼ੀਲ ਹੋ ਜਾਣ।

ਸ਼ਾਇਦ ਕੁਝ ਲੋਕਾਂ ਨੂੰ ਭੁਲੇਖਾ ਹੈ ਕਿ ਜੇ ਕੈਨੇਡਾ ਜਾਂ ਅਮਰੀਕਾ ਆ ਕੇ ਆਪਣੇ ਨਾਂਵ ਨਾ ਬਦਲੇ ਜਾਂ ਦਸਤਾਰ ਬੰਨ੍ਹੀ ਰੱਖੀ ਤਾਂ ਨੌਕਰੀ ਮਿਲਣੀ ਅਸੰਭਵ ਹੋਵੇਗੀ। ਦੋ ਸਾਲ ਪਹਿਲਾਂ ਇਕ ਸਿੱਖ ਲਾਇਬ੍ਰੇਰੀਅਨ ਪੰਜਾਬ ਤੋਂ ਕੈਨੇਡਾ ਦੀ ਇਮੀਗਰੇਸ਼ਨ ਲੈ ਕੇ ਪਹੁੰਚਿਆ। ਉਸਨੇ ਚਾਉ ਵਿਚ ਆਪਣੇ ਪਹਿਲਾਂ ਦੇ ਕੈਨੇਡਾ ਆਏ ਦੋਸਤ ਨੂੰ ਮਿਲਣਾ ਚਾਹਿਆ। ਜਦੋਂ ਉਸਨੇ ਦੋਸਤ ਨਾਲ ਮਿਲਣੀ ਕੀਤੀ ਤਾਂ ਉਹ ਦਸਤਾਰ ਰਹਿਤ ਸੀ ਤੇ ਉਸਨੇ ਆਪਣਾ ਨਾਂਵ ਵੀ ਬਦਲ ਲਿਆ ਸੀ। ਸਿੱਖ ਲਾਇਬ੍ਰੇਰੀਅਨ ਨੂੰ ਉਸ ਨੇ ਨਸੀਹਤ ਕੀਤੀ ਕਿ ਜੇਕਰ ਚੰਗੀ ਨੌਕਰੀ ਲੈਣੀ ਹੈ ਤਾਂ ਪਹਿਲਾਂ ਦਸਤਾਰ ਲਾਹ ਦੇਵੋ ਅਤੇ ਗੋਰਿਆਂ ਵਾਂਗੂੰ ਨਾਂਵ ਰੱਖ ਲਵੋ। ਇਹ ਨਵਾਂ ਪਰਵਾਸੀ, ਦੋਸਤ ਪਾਸੋਂ ਛੇਤੀ ਵਾਪਸ ਪਰਤਿਆ। ਇਸਨੂੰ ਥੋੜੇ ਸਮੇਂ ਵਿਚ ਬਤੌਰ ਲਾਇਬ੍ਰੇਰੀਅਨ ਦੀ ਨੌਕਰੀ ਮਿਲ ਗਈ ਅਤੇ ਇਸਦੇ ਦੋਸਤ, ਜਿਸਨੇ ਦਸਤਾਰ ਲਾਹੀ ਤੇ ਗੋਰਿਆਂ ਵਾਂਗ ਨਾਂਵ ਰੱਖਿਆ, ਨੂੰ ਕੋਈ ਚੰਗੀ ਨੌਕਰੀ ਨਹੀਂ ਮਿਲੀ ਅਤੇ ਛੇ ਕੁ ਮਹੀਨੇ ਦਾ ਕੋਰਸ ਕਰ ਕੇ ਨਰਸਿੰਗ ਹੋਮ ਵਿਚ ਲੱਗਿਆ ਹੋਇਆ ਹੈ। ਇਥੋਂ ਇਹ ਭਾਵਨਾ ਨਹੀਂ ਲੈਣੀ ਕਿ ਸਾਬਤ-ਸਰੂਪ ਨੂੰ ਨੌਕਰੀ ਛੇਤੀ ਮਿਲਦੀ ਹੈ, ਅਸੀਂ ਤਾਂ ਸੱਭਿਆਚਾਰਕ ਗੌਰਵਤਾ ਦੀ ਗੱਲ ਕਰਦੇ ਹਾਂ। ਜੋ ਲੋਕ ਚਮੜੀ ਜਾਂ ਰੰਗ ਦੇ ਆਧਾਰ 'ਤੇ ਵਿਤਕਰਾ ਕਰਦੇ ਹਨ, ਉਥੇ ਭਾਵੇਂ ਦਸਤਾਰ ਹੋਵੇ ਜਾਂ ਨਾ ਹੋਵੇ, ਕੋਈ ਫ਼ਰਕ ਨਹੀਂ, ਕਿਉਂਕਿ ਉਥੇ ਵਿਤਕਰਾ ਰੰਗ ਤੇ ਨਸਲ ਦਾ ਹੈ।

ਪੰਜਾਬੀ ਸੱਭਿਆਚਾਰ, ਪੰਜਾਬੀ ਬੋਲੀ ਦੀ ਹੋਂਦ ਤੇ ਵਿਕਾਸ ਲਈ ਸਿੱਖ ਧਰਮ ਨੇ ਬਹੁਤ ਯੋਗਦਾਨ ਪਾਇਆ। ਸਿੱਖ ਧਰਮ ਭਾਰਤੀ ਸਮਾਜ ਅੰਦਰ ਮਹਾਨ ਇਨਕਲਾਬ ਸੀ, ਜਿਸਨੇ ਮਨੁੱਖ ਨੂੰ ਆਦਰਸ਼ਕ ਜੀਵਨ ਪ੍ਰਦਾਨ ਕੀਤਾ ਅਤੇ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਜੂਝਣ ਲਈ ਲੋਕਾਈ ਅੰਦਰ ਸਾਹਸ ਭਰਿਆ। ਸਾਨੂੰ ਸਿੱਖ ਗੁਰੂਆਂ ਨੇ ਸਿੱਖ ਨਾਂਵਾਂ ਦੀ ਵਿਲੱਖਣ ਪਹਿਚਾਣ ਦਿੱਤੀ ਤੇ ਮਾਣ ਬਖ਼ਸ਼ਿਆ। ਸਦੀਆਂ ਤੋਂ ਲਿਤਾੜੀ ਤੇ ਨਿਤਾਣੀ ਇਸਤਰੀ ਨੂੰ 'ਕੌਰ' (ਰਾਜਕੁਮਾਰੀ) ਪਦ ਨਾਲ ਸਨਮਾਨਿਤ ਕੀਤਾ। ਮਰਦਾਂ ਨੂੰ 'ਸਿੰਘ' (ਬੱਬਰ ਸ਼ੇਰ) ਦਾ ਨਾਂਵ ਪਿਆਰ ਨਾਲ ਬਖ਼ਸ਼ੇ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖ ਨਾਂਵਾਂ ਦਾ ਮਹਾਨ ਇਤਿਹਾਸ ਹੈ ਤੇ ਪੰਜਾਬੀ ਸੱਭਿਆਚਾਰ ਦਾ ਗੌਰਵ ਕਰਨਾ ਸਾਡਾ ਇਖ਼ਲਾਕੀ ਫ਼ਰਜ਼ ਹੈ।

ਨਾਂਵਾਂ ਦਾ ਕੋਸ਼ ਇਕੱਲੇ ਪੰਜਾਬੀ ਵਿਚ ਹੀ ਕਿਉਂ ?

ਸਿੱਖ ਨਾਂਵਾਂ ਦੇ ਕੋਸ਼ ਦੇ ਪਹਿਲੇ ਸੰਸਕਰਣ ਤੋਂ ਪਿੱਛੋਂ ਕੁਝ ਸੱਜਣਾਂ ਨੇ ਸੁਝਾਅ ਦਿੱਤਾ ਸੀ ਕਿ ਇਸਨੂੰ ਅੰਗਰੇਜ਼ੀ ਵਿਚ ਕਰ ਦਿੱਤਾ ਜਾਵੇ। ਜਦੋਂ ਹੋਰ ਵਿਦਵਾਨ ਸੱਜਣਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਨਾਂਵਾਂ ਦਾ ਕੋਸ਼ ਅੰਗਰੇਜ਼ੀ ਵਿਚ ਹੋਵੇਗਾ ਤਾਂ ਠੀਕ ਤੇ ਸ਼ੁੱਧ ਉਚਾਰਣ ਅਸੰਭਵ ਹੈ। ਉਦਾਹਰਣ ਵਜੋਂ ਗੁਰਦਿੱਤ, ਹਰਿਦਿੱਤ, ਖੜਗ, ਚੂਹੜ, ਪਹਾੜਾ ਨਾਂਵ ਲਿਖਣ ਲਈ ਅੰਗਰੇਜ਼ੀ ਬੋਲੀ 'ਚ ਧੁਨੀਆਂ ਦੀ ਅਣਹੋਂਦ ਹੈ। ਅੰਗਰੇਜ਼ੀ ਬੋਲੀ ਵਿਚ ਅਨੇਕਾਂ ਹੋਰ ਬੋਲੀਆਂ ਦੇ ਨਾਂਵ ਵੀ ਜਿਵੇਂ ਚੀਨੀ, ਕੋਰੀਅਨ, ਜਰਮਨ, ਯਹੂਦੀ (ਹੀਬਰੂ) ਤੇ ਫ਼ਰਿੰਚ ਆਦਿ 'ਚ

ਨਹੀਂ ਲਿਖੇ ਜਾ ਸਕਦੇ। ਇਸ ਤਰ੍ਹਾਂ ਹੀ ਪੰਜਾਬੀ ਦੇ ਨਾਂਵ ਭਾਵੇਂ ਅਸੀਂ ਲਿਖਦੇ ਹਾਂ ਤੇ ਉਸਦਾ ਉਚਾਰਨ ਆਪ ਹੀ ਕਰ ਸਕਦੇ ਹਾਂ, ਪਰ ਗ਼ੈਰ-ਪੰਜਾਬੀ ਲਈ ਸ਼ੁੱਧ ਉਚਾਰਨ ਅਸੰਭਵ ਹੈ।

ਨਾਂਵ ਅਤੇ ਨਾਮਕਰਨ ਬਾਰੇ

ਪਰਮਾਤਮਾ ਇਕ ਹੈ ਅਤੇ ਅਦ੍ਰਿਸ਼ਟ ਹੈ, ਪਰ ਉਸਦੇ ਨਾਂਵ ਬੇਅੰਤ ਹਨ। ਇਹ ਤਾਂ ਸਪੱਸ਼ਟ ਹੈ ਕਿ ਇਸ ਸੰਸਾਰ ਅੰਦਰ ਹਰ ਸ਼ੈਅ ਦਾ ਆਪਣਾ ਆਪਣਾ ਪਹਿਚਾਣ ਨਾਂਵ ਹੈ। ਇਸ ਤੋਂ ਇਲਾਵਾ ਅਦ੍ਰਿਸ਼ਟ ਅਤੇ ਕਲਪਿਤ ਕੁਦਰਤੀ ਸ਼ਕਤੀਆਂ ਦੇ ਵੀ ਵੱਖ ਵੱਖ ਨਾਂਵ ਹਨ। ਇਸ ਵਿਸ਼ਾਲ ਸਮਾਜ ਦੇ ਘੇਰੇ ਅੰਦਰ ਵਿਚਰਦਿਆਂ, ਹਰ ਇਨਸਾਨ ਨੂੰ ਆਪਣੀ ਹੋਂਦ ਦੇ ਪ੍ਰਗਟਾਵੇ ਲਈ ਪਹਿਚਾਣ ਨਾਂਵ ਅਤਿ ਜ਼ਰੂਰੀ ਹੈ। ਇਸ ਤੋਂ ਇਲਾਵਾ ਇਨਸਾਨਾਂ ਨੇ ਤਾਂ ਪਾਲਤੂ ਪਸ਼ੂਆਂ ਦੇ ਵੀ ਨਾਂਵ ਰੱਖੇ ਹੋਏ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਨਾਂਵ ਕਿਸੇ ਵਿਅਕਤੀ ਦੇ ਖ਼ਿਆਲ, ਪਿਛੋਕੜ ਅਤੇ ਧਰਮ ਦੀ ਪਹਿਚਾਣ ਕਰਨ ਵਿਚ ਸਹਾਇਕ ਹੁੰਦੇ ਹਨ, ਭਾਵੇਂ ਵਾਸਤਵ ਵਿਚ ਇਸ ਵਿਚਾਰ ਨਾਲ ਪੂਰਨ ਸਹਿਮਤੀ ਅਸੰਭਵ ਹੈ। ਹਰ ਮਾਤਾ-ਪਿਤਾ ਦੀ ਪ੍ਰਬਲ ਸੋਚ ਹੁੰਦੀ ਹੈ ਕਿ ਨਵ-ਜੰਮੇ ਬੱਚੇ ਦਾ ਨਾਂਵ ਭਾਵਪੂਰਤ, ਨਵੀਨ ਅਤੇ ਵਿਲੱਖਣਤਾ ਵਾਲਾ ਹੋਣਾ ਚਾਹੀਦਾ ਹੈ। ਭਾਰਤ ਅੰਦਰ ਹਿੰਦੂ ਮੱਤ ਦੇ ਧਾਰਨੀ ਲੋਕਾਂ ਵਿਚ ਅਜਿਹਾ ਵਿਸ਼ਵਾਸ ਵੀ ਹਾਵੀ ਰਿਹਾ ਹੈ, ਜਿਸ ਅਨੁਸਾਰ ਕਿਸੇ ਬੱਚੇ ਨੂੰ ਮਾੜੂ ਰੂਹਾਂ ਜਾਂ ਭੂਤ-ਪ੍ਰੇਤਾਂ, ਜਾਂ ਕਿਸੇ ਦੀ ਭੈੜੀ ਨਜ਼ਰ ਤੋਂ ਸੁਰੱਖਿਅਤ ਰੱਖਣ ਲਈ ਭੱਦਾ ਜਿਹਾ ਨਾਂਵ ਰੱਖ ਦਿੱਤਾ ਜਾਂਦਾ ਸੀ, ਅਤੇ ਜਦੋਂ ਬੱਚਾ ਜਵਾਨ ਹੁੰਦਾ ਤੇ ਅਜਿਹੇ ਭੱਦੇ ਨਾਂਵ ਨੂੰ ਸਵੀਕਾਰ ਕਰਨਾ ਔਖਾ ਲੱਗਦਾ ਤਾਂ ਉਸਦੀ ਪਛਾਣ ਲਈ ਇਕ ਹੋਰ ਨਾਉਂ ਵੀ ਜੋੜ ਲਿਆ ਜਾਂਦਾ। ਕਈ ਵਾਰ ਪਰਿਵਾਰਾਂ ਅੰਦਰ ਨਾਂਵ ਨੂੰ ਘੜਨ ਲੱਗਿਆਂ, ਵੱਖ ਵੱਖ ਨਾਂਵਾਂ ਵਿੱਚੋਂ ਅੰਸ਼ ਲੈ ਲਏ ਜਾਂਦੇ ਹਨ ਅਤੇ ਨਤੀਜਾ ਬੇ-ਅਰਥੇ ਨਾਂਵਾਂ ਦੀ ਹੋਂਦ ਬਣ ਜਾਣੀ ਸੁਭਾਵਿਕ ਹੈ। ਅਜਿਹੇ ਨਾਂਵਾਂ ਨੂੰ ਰੱਖਣ ਸਮੇਂ ਭਾਵ-ਅਰਥਾਂ ਵੱਲੋਂ ਬੇ-ਪਰਵਾਹ ਹੋ ਕੇ ਪਰਿਵਾਰਕ ਫ਼ੈਸਲੇ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇ ਫਿਰ ਵੀ ਸਮੂਹ ਪਰਿਵਾਰਿਕ ਮੈਂਬਰਾਂ ਵਿਚ ਸਹਿਮਤੀ ਨਾ ਹੋਵੇ ਤਾਂ ਇਕ ਬੱਚੇ ਦੇ ਦੋ ਦੋ ਨਾਂਵ ਪ੍ਰਚਲਿਤ ਹੋ ਜਾਂਦੇ ਹਨ।

ਮੁੱਢ ਵਿਚ ਹਰ ਵਿਅਕਤੀ ਦਾ ਇਕ ਹੀ ਨਿੱਜੀ ਨਾਂਵ ਰੱਖਣ ਦਾ ਰਿਵਾਜ ਪ੍ਰਚਲਿਤ ਸੀ, ਜੋ ਮਾਤਾ-ਪਿਤਾ ਜਾਂ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਮਿਥਿਆ ਜਾਂਦਾ। ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤਕ ਵਿਅਕਤੀਗਤ ਨਾਂਵਾਂ ਲਈ ਧਾਰਮਿਕ ਗ੍ਰੰਥ ਹੀ ਸਰੋਤ ਸਨ। ਪੱਛਮੀ ਦੇਸ਼ਾਂ ਵਿਚ ਜ਼ਿਆਦਾਤਰ ਨਾਂਵ ਹੀਬਰੂ, ਗਰੀਕ ਅਤੇ ਲਾਤੀਨੀ ਭਾਸ਼ਾਵਾਂ ਵਿੱਚੋਂ ਲਏ ਜਾਂਦੇ ਹਨ। ਭਾਰਤ ਅੰਦਰ ਨਾਂਵਾਂ ਲਈ ਵੱਖ ਵੱਖ ਸਰੋਤ ਹਨ, ਪਰ ਹਿੰਦੂਆਂ ਦੇ ਜ਼ਿਆਦਾਤਰ ਨਾਂਵ ਸੰਸਕ੍ਰਿਤ ਭਾਸ਼ਾ ਅਤੇ ਉਨ੍ਹਾਂ ਦੇ ਹੀ ਧਾਰਮਿਕ ਗ੍ਰੰਥਾਂ ਵਿੱਚੋਂ ਚੁਣੇ ਜਾਂਦੇ ਹਨ। ਉੱਤਰੀ ਭਾਰਤ ਵਿਚ ਰਲਵੇਂ ਮਿਲਵੇਂ ਨਾਂਵ ਸੰਸਕ੍ਰਿਤ, ਫ਼ਾਰਸੀ, ਪੰਜਾਬੀ, ਬ੍ਰਿਜ, ਹਿੰਦੀ ਆਦਿ ਭਾਸ਼ਾਵਾਂ ਵਿੱਚੋਂ ਲਏ ਜਾਂਦੇ ਹਨ। ਫਿਰ ਵੀ ਭਾਸ਼ਾਵਾਂ ਅਤੇ ਸੱਭਿਆਚਾਰਕ ਵਖਰੇਵੇਂ ਕਾਰਨ ਹਰ ਪ੍ਰਾਂਤ ਅੰਦਰ ਨਾਂਵ ਰੱਖਣ ਦਾ ਢੰਗ ਅਤੇ ਨਾਂਵ ਸੰਸਕਾਰ ਨਿਵੇਕਲਾ ਹੀ ਹੈ।

ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਦੂਜੇ ਨੌਂ ਗੁਰੂਆਂ ਨੇ ਇਸ ਕੌਮ ਦੀ ਉਸਾਰੀ ਅਤੇ ਵਿਲੱਖਣਤਾ ਲਈ ਆਪਣਾ ਹਿੱਸਾ ਪਾਇਆ। ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਜਿਥੇ ਨਵੀਨ ਵਰਦੀ ਦਿੱਤੀ, ਉਥੇ ਗੁਰਮਤਿ ਮਰਯਾਦਾ ਦਾ ਏਕੀਕਰਣ ਕਰਨ ਲਈ ਮੁਹਿਮ ਵੀ ਚਲਾਈ, ਤਾਂ ਜੁ ਇਸ ਮਹਾਨ ਸਿੱਖ ਇਨਕਲਾਬ ਦੀ ਹੋਂਦ ਸਦੀਵ ਕਾਲ ਲਈ ਸਥਿਰ ਰਹੇ। 30 ਮਾਰਚ, 1699 ਈਸਵੀ ਨੂੰ ਇਕ ਮਹਾਨ ਐਲਾਨ ਰਾਹੀਂ ਸਿੱਖ ਭਾਈਚਾਰੇ ਨੂੰ

ਖ਼ਾਲਸਾ ਕੌਮ ਦਾ ਨਾਂਵ ਦਿੱਤਾ ਗਿਆ। ਪੰਜ ਪਿਆਰਿਆਂ ਦੀ ਚੋਣ ਹੋਈ ਅਤੇ ਅੰਮ੍ਰਿਤ ਸੰਸਕਾਰ ਦੇ ਢੰਗ ਵਿਚ ਨਵੀਨਤਾ ਲਿਆਂਦੀ। ਖ਼ਾਲਸਾ ਕੌਮ ਲਈ ਨਵੀਂ ਭਰਤੀ ਕਰਨ ਦਾ ਅਧਿਕਾਰ ਪੰਚਾਂ ਨੂੰ ਸੌਂਪ ਦਿੱਤਾ, ਭਾਵ ਅੰਮ੍ਰਿਤ ਸੰਸਕਾਰ ਨੂੰ ਰਚਾਉਣ ਦਾ ਅਧਿਕਾਰ ਪੰਜ ਪਿਆਰਿਆਂ ਨੂੰ ਮਿਲ ਗਿਆ। ਦੂਸਰੇ ਸ਼ਬਦਾਂ ਵਿਚ ਖ਼ਾਲਸਾ ਕੌਮ ਨੂੰ ਪੂਰਨਤਾ ਦੀ ਸਨਦ ਪ੍ਰਦਾਨ ਕੀਤੀ ਗਈ। ਹੁਣ ਗੁਰੂ ਜੋਤਿ ਦਾ ਵਾਸਾ 'ਸ਼ਬਦ' ਵਿਚ ਅਤੇ ਸਮੂਹ ਖ਼ਾਲਸਾ ਪੰਥ ਗੁਰੂ ਦਾ ਸਰੀਰ ਹੈ, ਜਿਸਦੀ ਗਵਾਹੀ ਹੇਠ ਦਿੱਤੇ ਇਤਿਹਾਸਕ ਪ੍ਰਮਾਣਾਂ ਵਿੱਚੋਂ ਮਿਲਦੀ ਹੈ :

> **ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹ।**
> **ਜੋ ਸਿਖ ਮੋ ਮਿਲਬੇ ਚਹੈ, ਖੋਜ ਇਨਹੁ ਮੇ ਲੇਹੁ।** *(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)*

> **ਗੁਰਿਆਈ ਸਰਬਤ ਖਾਲਸੇ ਦੀ ਤੇ ਆਸਰਾ ਗੁਰੂ ਕੇ ਸ਼ਬਦੋਂ ਕਾ।**
> *(ਰਹਿਤਨਾਮਾ ਭਾਈ ਚੌਪਾ ਸਿੰਘ)*

ਮੌਜੂਦਾ ਸਮੇਂ ਸਾਰਾ ਸਿੱਖ ਜਗਤ 'ਸ਼ਬਦ' ਨੂੰ ਜੋਤਿ ਅਤੇ ਖ਼ਾਲਸਾ ਪੰਥ ਨੂੰ ਹਾਜ਼ਰ ਅਤੇ ਸਦੀਵੀ ਗੁਰੂ ਮੰਨਦਾ ਹੈ।

ਸਿੱਖ ਰਹਿਤ ਮਰਯਾਦਾ ਦੇ ਹੋਰਨਾਂ ਨਿਰਦੇਸ਼ਾਂ ਵਾਂਗ ਸਿੱਖ-ਨਾਂਵ ਵੀ ਦਸਮ ਗੁਰੂ ਜੀ ਦੀ ਦੇਣ ਹਨ। ਪੁਰਾਤਨ ਸਮੇਂ ਹੋਰ ਕੌਮਾਂ ਦੇ ਨਾਂਵਾਂ ਵਾਂਗ ਸਿੱਖ ਨਾਂਵ ਵੀ ਸਾਦੇ ਅਤੇ ਛੋਟੇ ਸਨ ਅਤੇ ਕੁਝ ਨਾਂਵ ਪੰਜਾਬੀ ਹਿੰਦੂਆਂ ਅਤੇ ਰਾਜਪੂਤਾਂ ਨਾਲ ਸੁਮੇਲ ਰੱਖਦੇ ਸਨ। 1699 ਈਸਵੀ ਦੀ ਵਿਸਾਖੀ ਦੇ ਦਿਨ ਸਿੱਖਾਂ ਨੂੰ ਗੁਰੂ ਪਦਵੀ ਦੇ ਨਾਲ ਨਾਲ ਨਵੇਂ ਅਤੇ ਵਿਲੱਖਣਤਾ ਭਰਪੂਰ ਨਾਂਵਾਂ ਦੀ ਬਖ਼ਸ਼ਸ਼ ਹੋਈ। ਹਰ ਇਕ ਖ਼ਾਲਸਾ ਸਿਪਾਹੀ ਲਈ ਪੰਥ ਪ੍ਰਤੀ ਆਪਣੀ ਵਫ਼ਾਦਾਰੀ ਅਥਵਾ ਗੁਰੂ ਪੰਥ ਦੀ ਮੈਂਬਰਸ਼ਿਪ ਲਈ ਕਕਾਰਾਂ ਦਾ ਧਾਰਨੀ ਹੋਣਾ ਜ਼ਰੂਰੀ ਕਰਾਰ ਕਰ ਦਿੱਤਾ ਗਿਆ ਅਤੇ ਸਿੱਖ ਮਰਦਾਂ ਲਈ 'ਸਿੰਘ' (ਸ਼ੇਰ) ਅਤੇ ਸਿੱਖ ਇਸਤਰੀਆਂ ਲਈ 'ਕੌਰ' (ਰਾਜਕੁਮਾਰੀ) ਨਾਂਵ ਰੱਖਣ ਦੀ ਹਦਾਇਤ ਹੋਈ।

ਸਿੱਖ ਰਹਿਤ ਮਰਯਾਦਾ ਅਨੁਸਾਰ ਨਾਮ-ਸੰਸਕਾਰ ਵਿਧੀ ਇਉਂ ਹੈ :

> "ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ-ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ "ਪਰਮੇਸਰਿ ਦਿਤਾ ਬੰਨਾ" (ਸੋਰਠਿ ਮ: ੫), "ਸਤਿਗੁਰ ਸਾਚੇ ਦੀਆ ਭੇਜਿ" (ਆਸਾ ਮ: ੫) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ; ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦੁ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।"

ਪਿਛਲੇ ਨਾਂਵ

ਸਭ ਤੋਂ ਪਹਿਲਾਂ ਨਾਰਮਨਜ਼ ਲੋਕਾਂ ਨੇ ਪਿਛਲਾ (Sur) ਜਾਂ ਗੋਤਰ ਨਾਂਵ ਲਿਖਣ ਦੀ ਪਹਿਲ ਕੀਤੀ। ਬਰਤਾਨਵੀ ਲੋਕਾਂ ਅੰਦਰ ਪਿਛਲੇ ਨਾਂਵ ਦਾ ਰਿਵਾਜ 13ਵੀਂ-14ਵੀਂ ਸਦੀ ਤੋਂ ਪਿੱਛੋਂ ਹੀ

ਸ਼ੁਰੂ ਹੋਇਆ। ਪੱਛਮੀ ਲੋਕਾਂ ਦੇ ਪਿਛਲੇ ਨਾਂਵਾਂ ਦੇ ਚਾਰ ਮੁਖ ਸਰੋਤ ਮੰਨੇ ਜਾਂਦੇ ਹਨ। ਪਹਿਲਾ, ਮਾਤਾ-ਪਿਤਾ ਦੇ ਪਹਿਲੇ ਨਾਂਵ ਤੋਂ; ਦੂਸਰਾ, ਕਿੱਤੇ ਤੋਂ (ਜਿਵੇਂ ਟੇਲਰ, ਸਮਿਥ, ਬੁੱਚਰ); ਤੀਜਾ, ਸ਼ਹਿਰ, ਦਰਿਆਵਾਂ ਅਤੇ ਦਰੱਖ਼ਤਾਂ ਤੋਂ; ਅਤੇ ਚੌਥਾ, ਉਪਨਾਵਾਂ ਤੋਂ (ਜਿਵੇਂ ਸ਼ਾਰਟ, ਸ਼ਾਰਪ ਆਦਿ)। ਸਕਾਟਲੈਂਡ ਵਿਚ 'ਮੈਕ' ਦਾ ਅਰਥ ਪੁੱਤਰ ਹੈ। ਜੇ ਕਿਸੇ ਦਾ ਪਿਛਲਾ ਨਾਂਵ ਮੈਕਮਿਲਨ (McMillan) ਹੈ ਤਾਂ ਸਪੱਸ਼ਟਤਾ ਹੋ ਜਾਂਦੀ ਹੈ ਕਿ ਇਸ ਵਿਅਕਤੀ ਦੇ ਪਰਿਵਾਰ ਵਿਚ ਕਿਸੇ ਵਡੇਰੇ ਬਜ਼ੁਰਗ ਦਾ ਨਾਂਵ 'ਮਿਲਨ' ਸੀ ਤੇ ਉਸਦੇ ਨਾਂਵ ਤੋਂ ਹੀ ਉਸਦੇ ਪਰਿਵਾਰ ਵਿਚ ਮੈਕਮਿਲਨ (McMillan) ਪਿਛਲੇ ਨਾਂਵ ਦਾ ਰੂਪ ਧਾਰਨ ਕਰ ਗਿਆ। ਇਸ ਤਰ੍ਹਾਂ ਹੀ ਆਇਰਲੈਂਡ ਵਿਚ 'ਓ' 'O' ਦਾ ਅਰਥ ਸਪੁੱਤਰ (Son of) ਹੈ ਅਤੇ ਜੇ ਪਿਛਲਾ ਨਾਂਵ O'collen ਹੈ ਤਾਂ ਸੰਕੇਤ ਹੈ ਕਿ 'ਕਾਲਨ' ਦਾ ਪੁੱਤਰ। ਇਕ ਇਸ ਤੋਂ ਵੱਖਰਾ ਢੰਗ ਹੈ, ਜਿਵੇਂ ਇਨ੍ਹਾਂ ਹੇਠਲੇ ਨਾਂਵਾਂ ਵਿਚ ਵਿਲੀਅਮਸਨ, ਰੌਬਨਸਨ, ਰੋਬਰਟਸਨ ਦੇ ਸ਼ਬਦਾਂ ਦਾ ਸੁਮੇਲ ਦਿੱਸਦਾ ਹੈ ਅਤੇ ਪਿਛਲੇ 'ਸਨ' (son) ਤੋਂ ਭਾਵ ਪੁੱਤਰ ਹੈ, ਤਾਂ ਇਨ੍ਹਾਂ ਨਾਂਵਾਂ ਤੋਂ ਸਾਫ਼ ਤਾਂ ਲੱਗੇਗਾ ਕਿ ਇਹ ਵਿਲੀਅਮ, ਰੌਬਨ ਤੇ ਰੋਬਰਟ ਦੇ ਪੁੱਤਰ ਹਨ। ਪਹਿਲਾਂ ਇਸ ਤਰ੍ਹਾਂ ਦੀ ਰੀਤ ਪ੍ਰਚਲਿਤ ਹੋਣ ਨਾਲ ਅੱਗੇ ਤੋਂ ਪਰਿਵਾਰਾਂ ਵਿਚ ਇਹੀ ਨਾਂਵ ਵਿਸ਼ੇਸ਼ ਤੌਰ 'ਤੇ ਪਿਛਲੇ ਜਾਂ 'ਸਰ' ਨਾਂਵ ਬਣ ਗਏ।

ਭਾਰਤ ਅੰਦਰ ਪਿਛਲੇ ਨਾਂਵ ਦੀ ਵਰਤੋਂ ਦਾ ਰਿਵਾਜ ਨਹੀਂ ਸੀ, ਪਰ ਕੁਝ ਗੋਤਰ ਨਾਂਵਾਂ ਦੀ ਵਰਤੋਂ ਵਿਰਲੇ ਲੋਕਾਂ ਵਿਚ ਪ੍ਰਚਲਿਤ ਸੀ। ਬਰਤਾਨਵੀ ਲੋਕਾਂ ਦੇ ਅਸਰ ਅਧੀਨ ਭਾਰਤ ਵਿਚ ਵੀ ਪਿਛਲੇ ਨਾਂਵ ਨੂੰ ਮੂਲ ਨਾਂਵ ਨਾਲ ਲਿਖਣ ਦਾ ਰਿਵਾਜ ਪ੍ਰਚਲਿਤ ਹੋਇਆ। 20ਵੀਂ ਸਦੀ ਦੇ ਮੁੱਢਲੇ ਦਹਾਕੇ ਵਿਚ ਜਦੋਂ ਪੰਜਾਬੀ ਸਿੱਖ ਜਾਂ ਹੋਰ ਲੋਕ ਕੈਨੇਡਾ ਜਾਂ ਹੋਰ ਦੇਸ਼ਾਂ ਵਿਚ ਗਏ ਤਾਂ ਉਨ੍ਹਾਂ ਨੇ ਆਪਣੀ ਆਪਣੀ ਵਿਲੱਖਣ ਪਹਿਚਾਣ ਲਈ ਆਪਣੇ ਪਿੰਡਾਂ ਦੇ ਨਾਂਵਾਂ ਨੂੰ ਬਤੌਰ ਪਿਛਲਾ ਨਾਂਵ ਪ੍ਰਯੋਗ ਕੀਤਾ। ਜਿਵੇਂ ਭਾਈ ਭਾਗ ਸਿੰਘ ਭਿਖੀਵਿੰਡ, ਬਾਬਾ ਸੋਹਣ ਸਿੰਘ ਭਕਨਾ, ਭਾਈ ਮੇਵਾ ਸਿੰਘ ਲੋਪੋਕੇ, ਭਾਈ ਮਿੱਤ ਸਿੰਘ ਪੰਡੋਰੀ, ਕਰਤਾਰ ਸਿੰਘ ਸਰਾਭਾ। ਭਕਨਾ, ਭਿਖੀਵਿੰਡ, ਸਰਾਭਾ, ਲੋਪੋਕੇ ਤੇ ਪੰਡੋਰੀ ਇਨ੍ਹਾਂ ਦੇ ਪਿੰਡਾਂ ਦੇ ਨਾਂਵ ਸਨ। ਵਿਸ਼ੇਸ਼ ਕਰਕੇ ਪੰਜਾਬ ਦੇ ਲੋਕ ਗੋਤਰ ਬਾਰੇ ਰਿਸ਼ਤੇ-ਨਾਤੇ ਕਰਨ ਸਮੇਂ ਪੁੱਛ-ਗਿੱਛ ਕਰਦੇ ਸਨ। ਇਸੇ ਤਰ੍ਹਾਂ ਹੀ ਹੋਰ ਜਾਤਾਂ ਅੰਦਰ ਵੀ ਗੋਤਰ ਨਾਂਵਾਂ ਦੀ ਪੁੱਛ-ਗਿੱਛ ਕਰਨ ਦੀ ਪਿਰਤ ਸੀ, ਤਾਂ ਜੁ ਕਿਤੇ ਰਿਸ਼ਤਾ ਉਸੇ ਹੀ ਗੋਤ 'ਚ ਨਾ ਕਰ ਦਿੱਤਾ ਜਾਵੇ।

ਜੇਕਰ ਗੋਤਰ ਨਾਂਵਾਂ ਦੇ ਪਿਛੋਕੜ ਵੱਲ ਝਾਤ ਪਾਈਏ ਤਾਂ ਪਤਾ ਲੱਗਦਾ ਹੈ ਕਿ ਇਹ ਗੋਤ ਵੱਡੇ ਵਡੇਰਿਆਂ ਜਾਂ ਬਜ਼ੁਰਗਾਂ ਦੇ ਨਾਂਵ ਸਨ। ਉਦਾਹਰਣ ਦੇ ਤੌਰ 'ਤੇ 'ਬਰਾੜ' ਦੀ ਔਲਾਦ ਬਰਾੜ ਲਿਖਣ ਲੱਗ ਪਏ, 'ਗਿੱਲ ਪਾਲ' ਗਿੱਲ ਗੋਤ ਦਾ ਮੋਢੀ ਸੀ ਤੇ ਉਸ ਤੋਂ ਅੱਗੇ ਉਸ ਵਧੇ ਪਰਿਵਾਰਾਂ ਦਾ ਗੋਤ ਗਿੱਲ ਪ੍ਰਚਲਿਤ ਹੋ ਗਿਆ। ਇਹ ਵੀ ਸੰਭਵ ਹੈ ਕਿ ਪੁਰਾਣੇ ਬਜ਼ੁਰਗਾਂ ਦੇ ਉਪਨਾਂਵਾਂ ਤੋਂ ਪਰਿਵਾਰਾਂ ਦੇ ਗੋਤਰ ਨਾਂਵ ਬਣ ਗਏ ਹੋਣ।

ਅੱਜ-ਕੱਲ੍ਹ ਦੇ ਹਰ ਵਰਗ ਅੰਦਰ ਇਹ ਰੀਤ ਸ਼ੁਰੂ ਹੋ ਗਈ ਹੈ। ਪਿਛਲੇ ਨਾਂਵ ਕੁੱਝ ਹੱਦ ਤਕ ਕਿਸੇ ਵਿਅਕਤੀ ਨੂੰ ਪਿਛੋਕੜ ਜਾਂ ਕੌਮੀਅਤ ਦੀ ਪਹਿਚਾਣ ਕਰਨ ਵਿਚ ਸਹਾਈ ਹੁੰਦੇ ਹਨ। ਉਦਾਹਰਣ ਵਜੋਂ ਚੈਟਰਜੀ, ਬੈਨਰਜੀ, ਟੈਗੋਰ ਅਤੇ ਬੋਸ ਆਦਿ ਪਿਛਲੇ ਨਾਂਵਾਂ ਨਾਲ ਬੰਗਾਲੀ ਲੋਕਾਂ ਦੀ ਪਹਿਚਾਣ ਹੋ ਜਾਂਦੀ ਹੈ। ਇਸ ਤੋਂ ਇਲਾਵਾ ਸਿੱਖਾਂ ਅੰਦਰ ਵੀ ਕੁਝ ਗੋਤਰ ਜਾਂ ਪਿਛਲੇ ਨਾਂਵ ਅਜਿਹੇ ਹਨ, ਜਿਨ੍ਹਾਂ ਨਾਲ ਇਲਾਕੇ ਜਾਂ ਧਾਰਮਿਕ ਪਿਛੋਕੜ ਦਾ ਪ੍ਰਗਟਾਵਾ ਹੋ ਜਾਂਦਾ ਹੈ, ਜਿਵੇਂ ਸਿੱਧੂ, ਸੰਧੂ, ਵਿਰਕ, ਗਿੱਲ, ਧਾਲੀਵਾਲ, ਸੇਖੋਂ, ਆਦਿ। ਇਨ੍ਹਾਂ ਪਿਛਲੇ ਨਾਂਵਾਂ ਵਿਚ ਕੁੱਝ ਕੁ ਨਾਂਵ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਵਿਚ ਸਾਂਝੇ ਹਨ, ਪਰ ਸਿੱਖਾਂ ਦੇ ਵਿਲੱਖਣ ਨਾਂਵਾਂ ਦਾ 'ਸਿੰਘ' ਜਾਂ 'ਕੌਰ' ਨਾਲ ਨਿਖੇੜ ਹੋ ਜਾਂਦਾ ਹੈ।

ਸਿੱਖ ਧਰਮ ਲਹਿਰ ਦਾ ਮੁਖ ਆਸ਼ਾ ਮਨੁੱਖੀ ਵਿਤਕਰੇ ਨੂੰ ਖ਼ਤਮ ਕਰਨਾ ਅਤੇ ਜਾਤ-ਪਾਤ ਪ੍ਰਣਾਲੀ ਨੂੰ ਅਲੋਪ ਕਰਨਾ ਸੀ, ਪਰ ਸਾਡੇ ਉੱਤੇ ਹਿੰਦੂ ਰੀਤੀਆਂ ਦਾ ਗ਼ਲਬਾ ਹੀ ਰਿਹਾ ਅਤੇ ਜਾਤ-ਪਾਤ ਦਾ ਕੋਹੜ ਸਾਨੂੰ ਲੱਗਾ ਹੋਇਆ ਹੈ। ਸਿੱਖ ਕੌਮ ਦੀ ਉੱਨਤੀ ਲਈ ਜਾਤ-ਪਾਤ ਪ੍ਰਥਾ ਨੂੰ ਅਲੋਪ ਕਰਨਾ ਪਵੇਗਾ, ਨਹੀਂ ਤਾਂ ਕੌਮ ਅੰਦਰ ਏਕਤਾ ਦੀ ਥਾਂ ਅਨੇਕਤਾ ਦੀ ਲਹਿਰ ਵਧੇਗੀ ਅਤੇ ਸਿੱਖੀ ਸਿਧਾਂਤਾਂ ਦੀ ਪ੍ਰਭੁਤਾ ਨੂੰ ਭਾਰੀ ਸੱਟ ਲੱਗੇਗੀ।

ਪੱਛਮੀ ਸੱਭਿਅਤਾ ਦੇ ਅਸਰ ਹੇਠ ਅੱਜ ਸਿੱਖ ਜਗਤ ਨੇ ਵੀ ਗੋਤਰ ਨਾਂਵਾਂ ਨੂੰ ਪਿਛਲੇ ਨਾਂਵ ਦੀ ਥਾਂ ਪ੍ਰਚਲਿਤ ਕਰ ਦਿੱਤਾ ਹੈ। ਦੂਜੀਆਂ ਕੌਮਾਂ ਵਿਚ ਇਸਤਰੀਆਂ ਅਤੇ ਮਰਦਾਂ ਦੇ ਨਾਂਵਾਂ ਵਿਚ ਫ਼ਰਕ ਹੁੰਦਾ ਹੈ, ਪਰ ਸਿੱਖ ਨਾਂਵਾਂ ਵਿਚ 'ਸਿੰਘ' ਅਤੇ 'ਕੌਰ' ਨਾਂਵਾਂ ਦੇ ਪ੍ਰਯੋਗ ਨਾਲ ਹੀ ਵਿਲੱਖਣਤਾ ਹੈ ਅਤੇ ਮਰਦਾਂ ਅਤੇ ਇਸਤਰੀਆਂ ਦੇ ਨਾਂਵਾਂ ਵਿਚ ਸਮਾਨਤਾ ਹੋਣ ਕਰਕੇ 'ਸਿੰਘ' ਅਤੇ 'ਕੌਰ' ਨਾਂਵ ਨੂੰ ਵਰਤਣਾ ਜ਼ਰੂਰੀ ਹੈ, ਨਹੀਂ ਤਾਂ ਇਸਤਰੀ ਮਰਦ ਦੀ ਪਹਿਚਾਣ ਅਸੰਭਵ ਹੈ। ਸਿੱਖਾਂ ਨੇ ਵਿਦੇਸ਼ੀ ਪ੍ਰਭਾਵ ਕਬੂਲ ਕੇ 'ਕੌਰ' ਤੇ 'ਸਿੰਘ' ਨਾਂਵਾਂ ਨੂੰ ਵਿਸਾਰ ਕੇ ਪਹਿਲੇ ਅਤੇ ਗੋਤਰ ਨਾਂਵ ਨੂੰ ਹੀ ਵਰਤਣ ਦੀ ਪਰਪਾਟੀ ਚਲਾ ਦਿੱਤੀ ਹੈ। ਫਲਸਰੂਪ ਗੁਰਦੇਵ ਸਿੰਘ ਗਿੱਲ ਅਤੇ ਗੁਰਦੇਵ ਕੌਰ ਗਿੱਲ ਦੋਵੇਂ ਹੀ ਆਪਣੇ ਆਪ ਨੂੰ ਗੁਰਦੇਵ ਗਿੱਲ ਲਿਖ ਰਹੇ ਹਨ।

ਸਾਡੇ ਲਈ ਆਪਣੇ ਨਾਂਵਾਂ ਵਿਚ 'ਕੌਰ' ਅਤੇ 'ਸਿੰਘ' ਸ਼ਬਦ ਦੀ ਵਰਤੋਂ ਜ਼ਰੂਰੀ ਅਤੇ ਮਹੱਤਵਪੂਰਨ ਹੈ। ਪਹਿਲਾ, ਇਸ ਤੋਂ ਬਿਨਾਂ ਇਸਤਰੀ-ਮਰਦ ਦੀ ਪਹਿਚਾਣ ਨਹੀਂ ਹੋ ਸਕਦੀ ਅਤੇ ਦੂਸਰਾ ਇਹ ਨਾਂਵ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਦੇ ਤੌਰ 'ਤੇ ਮਿਲੇ ਹਨ, ਨਾ ਕਿ ਮਾਤਾ-ਪਿਤਾ ਵੱਲੋਂ ਰੱਖੇ ਗਏ ਹਨ; ਤੀਸਰਾ 'ਕੌਰ' ਤੇ 'ਸਿੰਘ' ਨਾਂਵ ਭਾਵ-ਅਰਥ ਰੱਖਦੇ ਹਨ। ਅਸੀਂ ਦੋਸਤਾਂ ਮਿੱਤਰਾਂ ਵੱਲੋਂ ਰੱਖੇ ਅਤੇ ਹੋਰ ਸਰਕਾਰੀ ਡਿਗਰੀਆਂ ਜਾਂ ਅਫ਼ਸਰੀ ਨਾਂਵ ਤਾਂ ਪਿਆਰ ਅਤੇ ਗੌਰਵ ਨਾਲ ਵਰਤਦੇ ਹਾਂ, ਪਰ ਮਹਾਨ ਗੁਰੂ ਵੱਲੋਂ ਸਨਮਾਨ ਵਜੋਂ ਮਿਲੇ ਪਦਾਂ ਨੂੰ ਵਰਤਣ ਤੋਂ ਝਿਜਕਦੇ ਹਾਂ।

ਸਾਡੇ ਲਈ ਕੌਮੀ ਰਵਾਇਤਾਂ ਅਤੇ ਧਾਰਮਿਕ ਸੰਸਕਾਰਾਂ ਦੀ ਮਾਨਤਾ ਕਰਨੀ ਜ਼ਰੂਰੀ ਹੈ। ਕੌਮ ਦੀ ਚੜ੍ਹਦੀ ਕਲਾ ਲਈ ਕੌਮੀ ਸੰਸਕਾਰਾਂ ਅਤੇ ਰਵਾਇਤਾਂ ਨੂੰ ਜ਼ਿੰਦਾ ਰੱਖਣਾ ਪੈਂਦਾ ਹੈ। ਜੇ ਹੋਰ ਕੌਮਾਂ ਦੇ ਲੋਕ ਆਪਣੇ ਨਿੱਜੀ ਨਾਂਵਾਂ ਨੂੰ ਆਪਣੀ ਭਾਸ਼ਾ ਅਤੇ ਨਾਂਵ ਸੰਸਕਾਰਾਂ ਅਨੁਸਾਰ ਰੱਖਦੇ ਹਨ, ਤਾਂ ਤੇ ਸਾਨੂੰ ਵੀ ਆਪਣੇ ਨਾਂਵ ਆਪਣੀ ਭਾਸ਼ਾ ਦੇ ਦਾਇਰੇ ਵਿੱਚੋਂ ਹੀ ਚੁਣਨੇ ਚਾਹੀਦੇ ਹਨ। ਪੱਛਮੀ ਧਰਮਾਂ ਅਤੇ ਦੇਸ਼ਾਂ ਦੇ ਲੋਕ ਨਾਂਵ ਸੰਸਕਾਰਾਂ ਦੀ ਮਹਾਨਤਾ ਨੂੰ ਕਬੂਲਦੇ ਹਨ ਅਤੇ ਨਵ-ਜੰਮੇ ਬੱਚਿਆਂ ਦੇ ਨਾਂਵ ਆਪਣੇ ਆਪਣੇ ਪੂਜਾ ਅਸਥਾਨਾਂ ਉੱਤੇ ਹਾਜ਼ਰ ਹੋ ਕੇ ਰੱਖਦੇ ਹਨ। ਦੂਸਰੇ ਪਾਸੇ ਸਾਡੇ ਸਿੱਖ ਪਰਿਵਾਰ ਨਾਂਵ ਸੰਸਕਾਰ ਦੀ ਮਹਾਨਤਾ ਨੂੰ ਮੰਨਣ ਤੋਂ ਇਨਕਾਰੀ ਹੁੰਦੇ ਜਾ ਰਹੇ ਹਨ ਅਤੇ ਨਾਂਵ ਸੰਸਕਾਰਾਂ ਨੂੰ ਲਾਂਭੇ ਰੱਖ ਕੇ ਹੀ ਨਾਂਵ ਰੱਖਦੇ ਹਨ। ਸਾਡੀ ਕੌਮ ਦੀ ਬੇਹਤਰੀ ਤਾਂ ਕੌਮੀ ਰਵਾਇਤਾਂ ਜਾਂ ਸੰਸਕਾਰਾਂ ਨੂੰ ਸਾਂਭਣ ਕਰਕੇ ਹੀ ਹੋਵੇਗੀ ਅਤੇ ਸਾਨੂੰ ਗੁਰਮਤਿ ਅਨੁਸਾਰ ਨਾਂਵ-ਕਰਣ ਸੰਸਕਾਰ ਨੂੰ ਅਪਣਾਉਣਾ ਅਤੇ ਗੁਰਮਤਿ ਰਵਾਇਤਾਂ ਨੂੰ ਮਹੱਤਵਪੂਰਨ ਸਮਝ ਕੇ ਇਨ੍ਹਾਂ ਨੂੰ ਗੌਰਵਤਾ ਦੇਣੀ ਚਾਹੀਦੀ ਹੈ।

ਪਹਿਲੀ ਵਾਰ ਸਾਡੇ ਗ੍ਰਹਿ ਦੋਨੋਂ ਬੱਚਿਆਂ ਬੇਟੀ ਮਾਨਵਦੀਪ ਕੌਰ ਤੇ ਭੁਜੰਗੀ ਦੇ ਜਨਮ 1977 ਤੇ 1981 ਵਿਚ ਹੋਣ 'ਤੇ ਨਾਂਵ-ਕੋਸ਼ ਲਿਖਣ ਦਾ ਖ਼ਿਆਲ ਪ੍ਰਗਟ ਹੋਇਆ। ਬੱਚੀ ਦੇ ਜਨਮ ਸਮੇਂ 1977 ਵਿਚ ਹੀ ਨਾਂਵ ਇਕੱਤਰ ਕਰਨੇ ਸ਼ੁਰੂ ਕਰ ਦਿੱਤੇ ਸਨ, ਪਰ 1981 ਤੋਂ ਪਿੱਛੋਂ ਅਨੇਕਾਂ ਹੀ ਕੌਮਾਂ ਦੇ ਨਾਂਵ-ਕੋਸ਼ਾਂ ਨੂੰ ਪੜ੍ਹ ਕੇ ਪੂਰੀ ਤਰ੍ਹਾਂ ਪ੍ਰੇਰਿਤ ਹੋਇਆ। ਵਾਹਿਗੁਰੂ ਦੀ ਕ੍ਰਿਪਾ ਦੁਆਰਾ ਨਾਂਵ-ਕੋਸ਼ ਦਾ ਪਹਿਲਾ ਸੰਸਕਰਣ 1990 ਵਿਚ ਛਪਿਆ ਅਤੇ ਪ੍ਰਕਾਸ਼ਕ ਕੈਨੇਡੀਅਨ

ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ, ਵੈਨਕੂਵਰ ਨੇ ਛਾਪਣ ਦੀ ਜ਼ਿੰਮੇਵਾਰੀ ਲੈ ਕੇ ਦਾਸ ਨੂੰ ਕ੍ਰਿਤਾਰਥ ਕੀਤਾ। ਸਿੱਖ ਜਗਤ ਵਿਚ ਅਜਿਹਾ ਨਾਂਵ-ਕੋਸ਼ ਪਹਿਲੀ ਵਾਰੀ ਛਪਣ 'ਤੇ ਲੋਕਾਂ ਵੱਲੋਂ ਸਲਾਹਿਆ ਗਿਆ। ਪਹਿਲੇ ਸੰਸਕਰਣ ਵਿਚ 2200 ਕੁ ਨਾਂਵ ਸਨ, ਪਰ ਇਸ ਹੱਥਲੇ ਸੰਸਕਰਣ ਅੰਦਰ ਨਾਂਵਾਂ ਦੀ ਗਿਣਤੀ ਤਕਰੀਬਨ 9000 ਤਕ ਪਹੁੰਚ ਗਈ ਹੈ। ਦਾਅਵਾ ਕੋਈ ਨਹੀਂ ਕਿ ਸਾਰੇ ਨਾਂਵ ਸ਼ਾਮਲ ਕਰ ਲਏ ਗਏ ਹਨ, ਸਿਰਫ਼ ਜਤਨ ਕੀਤਾ ਹੈ। ਮੇਰੇ ਨਾਲੋਂ ਬੇਅੰਤ ਸਿਆਣੇ ਲੋਕ ਬਹੁਤ ਸੁੰਦਰ ਨਾਂਵ ਘੜ ਸਕਦੇ ਹਨ, ਮੈਂ ਤਾਂ ਆਮ ਸਿੱਖ ਪਰਿਵਾਰਾਂ ਦੀ ਸਹੂਲਤ ਲਈ ਨਾਂਵ-ਕੋਸ਼ ਲਿਖਿਆ ਹੈ ਅਤੇ ਆਪਣੀ ਤੁਛ-ਬੁੱਧੀ ਅਨੁਸਾਰ ਨਾਂਵਾਂ ਦੇ ਅਰਥ ਕੀਤੇ ਹਨ। ਭੁੱਲ ਚੁੱਕ ਲਈ ਮੁਆਫ਼ ਕਰ ਦੇਣਾ।

ਗੁਰੂ ਪੰਥ ਦਾ ਹਿਤੂ

ਪੂਰਨ ਸਿੰਘ

ਏਸ਼ੀਅਨ ਲਾਇਬ੍ਰੇਰੀ
ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ
ਵੈਨਕੂਵਰ, ਬੀ.ਸੀ.

ਨਵੀਨ ਸਿੱਖ ਨਾਂਵਾਂ ਦਾ ਕੋਸ਼

ਡਾ. ਪੂਰਨ ਸਿੰਘ

ੳ

[ਹਰ ਨਾਂਵ ਨਾਲ 'ਸਿੰਘ' ਅਤੇ 'ਕੌਰ' ਲਗਾਓ]

ਉਸਤਤ = ਵਡਿਆਈ, ਉਪਮਾ

ਉਸਤਤ ਸਰੂਪ = ਉਪਮਾ ਯੋਗ

ਉਸਤਤ ਜੀਤ = ਰੱਬੀ ਉਪਮਾ ਦੀ ਮਹਿਮਾ

ਉਸਤਤ ਜੋਤਿ = ਸਤਿਕਾਰ ਯੋਗ ਹਸਤੀ

ਉਸਤਤ ਟੇਕ = ਬੰਦਗੀ ਕਰਨ ਵਾਲਾ

ਉਸਤਤ ਧਾਮ = ਪਵਿੱਤਰ ਥਾਂ

ਉਸਤਤ ਨਾਮ = ਰੱਬੀ ਉਪਮਾ

ਉਸਤਤ ਪਾਲ = ਪਾਲਣਹਾਰੇ ਦੀ ਉਪਮਾ

ਉਸਤਤ ਪ੍ਰੀਤ = ਸ਼ਰਧਾ ਸਹਿਤ ਬੰਦਗੀ

ਉਸਤਤ ਪ੍ਰੇਮ = ਸ਼ਰਧਾ ਸਹਿਤ ਬੰਦਗੀ

ਉਸਤਤ ਬੀਰ = ਦਲੇਰ ਭਗਤ

ਉਸਤਤ ਭਗਤ = ਬੰਦਗੀ ਕਰਨ ਵਾਲਾ

ਉਸਤਤ ਮੀਤ = ਰੱਬੀ ਕੀਰਤੀ

ਉਸਤਤ ਰੂਪ = ਦੇਖੋ 'ਉਸਤਤ ਸਰੂਪ'

ਉਸਤਤ ਲੀਨ = ਭਗਤੀ ਕਰਨ ਵਾਲਾ

ਉਸਤਤ ਵੰਤ = ਸੱਚਾ ਭਗਤ

ਉਸ਼ਨਾਕ = ਸਿਆਣਾ, ਸਮਝਦਾਰ

[ਨੋਟ : ਉਸ਼ਨਾਕ ਨਾਲ ਹੋਰ ਪਿਛੇਤਰ ਜੋੜ ਕੇ ਹੋਰ ਨਾਂਵ ਘੜੇ ਜਾ ਸਕਦੇ ਹਨ, ਜਿਵੇਂ : ਸਰੂਪ, ਰੂਪ, ਜੀਤ, ਜੋਤਿ, ਟੇਕ, ਨਾਮ, ਪ੍ਰੀਤ, ਪ੍ਰੇਮ, ਬੀਰ ਆਦਿ]

ਉਸ਼ੀਨਰ = ਇੱਛਾ ਪੂਰਨ ਕਰਨ ਵਾਲੇ

ਉਚ = ਵੱਡਾ; ਮਹਾਨ.

ਉਚ ਅਨੂਪ = ਮਹਾਨ ਤੇ ਅਦਭੁੱਤ

ਉਚ ਅਪਾਰ = ਮਹਾਨ ਤੇ ਵੱਡਾ

ਉਚ ਅਰਮਾਣ = ਉੱਚੇ ਨਿਸ਼ਾਨੇ

ਉਚ ਆਤਮ = ਮਹਾਨ ਜੋਤਿ

ਉਚ ਈਸ਼ਰ = ਵਾਹਿਗੁਰੂ ਵੱਡਾ ਹੈ

ਉਚ ਸੰਗਤ = ਚੰਗੀ ਸੰਗਤ; ਸਾਧ ਸੰਗਤ

ਉਚ ਸਰੂਪ = ਵੱਡੀ ਹਸਤੀ

ਉਚ ਸਾਹਿਬ = ਵਾਹਿਗੁਰੂ

ਉਚ ਸਾਜ = ਵਾਹਿਗੁਰੂ; ਸਾਜਨਹਾਰਾ

ਉਚ ਸੀਤਲ = ਸ਼ਾਂਤ ਸਰੂਪ

ਉਚ ਸੋਚ = ਸ੍ਰੇਸ਼ਟ ਸੋਚ

ਉਚ ਹੇਤ = ਸੱਚਾ ਸਨੇਹ

ਉਚ ਕਰਮ = ਸ਼ੁਭ ਕਰਮ

ਉਚ ਕਿਰਨ = ਅਗੰਮੀ ਜੋਤਿ

ਉਚ ਕੀਰਤ = ਰੱਬੀ ਉਪਮਾ

ਉਚ ਗਿਆਨ = ਰੱਬੀ ਗਿਆਨ

ਉਚ ਗੀਤ = ਰੱਬੀ ਭਜਨ

ਉਚ ਗੌਰਵ = ਮਹਾਨ ਸੋਚ

ਉਚ ਜੀਤ = ਵਾਹਿਗੁਰੂ ਦੀ ਫ਼ਤਹ

ਉਚ ਜੋਤਿ = ਮਹਾਨ ਜੋਤਿ

ਉਚ ਟੇਕ = ਰੱਬੀ ਆਸਰਾ

ਉਚ ਠਾਕਰ = ਵਾਹਿਗੁਰੂ ਦੀ ਵਡਿਆਈ

ਉਚ ਤੀਰ = ਮਹਾਨ ਤੀਰ

ਉਚ ਤੀਰਥ = ਪਵਿੱਤਰ ਅਸਥਾਨ

ਉਚ ਧਰਮ = ਸ੍ਰੇਸ਼ਟ ਜੀਵਨ

ਉਚ ਨਾਮ = ਅਗੰਮੀ ਸ਼ਕਤੀ

ਉਚ ਨੇਕ = ਮਹਾਨ ਤੇ ਸ੍ਰੇਸ਼ਟ

ਉਚ ਪਾਲ = ਪਾਲਣਹਾਰਾ ਵੱਡਾ ਹੈ

ਉਚ ਪੁਰਖ = ਵੱਡਾ ਇਨਸਾਨ

ਉਚ ਪ੍ਰੀਤ = ਸੱਚਾ ਪਿਆਰ

ਉਚ ਪ੍ਰੇਮ = ਸੱਚਾ ਪਿਆਰ
ਉਚ ਬਖਸ਼ = ਮਹਾਨ ਨਦਰ
ਉਚ ਬੀਰ = ਵੱਡਾ ਤੇ ਬਹਾਦਰ
ਉਚ ਪੀਰ = ਵੱਡਾ ਤੇ ਬਹਾਦਰ
ਉਚ ਭਗਵੰਤ = ਵਾਹਿਗੁਰੂ ਵੱਡਾ ਹੈ
ਉਚ ਭਜਨ = ਸ਼ੁਭ ਸੰਗੀਤ; ਰੱਬੀ ਗੀਤ
ਉਚ ਭੂਪ = ਵੱਡਾ ਰਾਜਾ, ਵਾਹਿਗੁਰੂ
ਉਚ ਮੰਤ = ਰੱਬੀ ਨਾਂਵ
ਉਚ ਮਨੋਰਥ = ਉੱਚੀ ਸੋਚ
ਉਚ ਮੀਤ = ਸੱਚਾ ਸਨੇਹੀ
ਉਚ ਮੋਹ = ਜ਼ਿਆਦਾ ਸਨੇਹ
ਉਚ ਰਾਜ = ਸ੍ਰੇਸ਼ਟ ਰਾਜ
ਉਚ ਰੂਪ = ਸ੍ਰੇਸ਼ਟ ਵਿਅਕਤੀ
ਉਚ ਲਿਵ = ਚੰਗੀ ਸੋਚ; ਬੰਦਗੀ
ਉਚ ਲੀਨ = ਚੰਗੀ ਸੋਚ; ਬੰਦਗੀ
ਉਚ ਵੰਤ = ਵੱਡਾ ਤੇ ਸ੍ਰੇਸ਼ਟ
ਉਚ ਵਿਗਾਸ = ਅਨੰਦ ਤੇ ਖੇੜਾ

ਉਚਤ = ਦੇਖੋ 'ਉਚ'

[ਨੋਟ : ਜਿਵੇਂ ਉਚ ਤੋਂ ਹੋਰ ਪਿਛੇਤਰ ਲਗਾ ਕੇ ਨਵੇਂ ਨਾਂਵ ਘੜੇ ਜਾ ਸਕਦੇ ਹਨ, ਉਸੇ ਤਰ੍ਹਾਂ ਹੀ ਉਚਤ ਤੋਂ ਵੀ ਹੋਰ ਨਾਂਵ ਬਣ ਸਕਦੇ ਹਨ, ਪਰ ਉਚਤ ਉਚਾਰਣ 'ਚ ਉਚ ਤੋਂ ਵੱਡਾ ਸ਼ਬਦ ਹੈ। ਇਸ ਲਈ ਕਈ ਜੋੜ ਅਢੁੱਕਵੇਂ ਬਣ ਸਕਦੇ ਹਨ ਅਤੇ ਕੁਝ ਜੋੜ ਉਚਤ ਸਰੂਪ, ਉਚਤ ਟੇਕ, ਉਚਤ ਨਾਮ, ਉਚਤ ਪਾਲ, ਉਚਤ ਪ੍ਰੇਮ, ਉਚਤ ਪ੍ਰੀਤ, ਉਚਤ ਮੀਤ, ਉਚਤ ਰੂਪ, ਉਚਤ ਰਾਜ, ਉਚਤ ਬੀਰ, ਉਚਤ ਬਖਸ਼ (ਅਰਥਾਂ ਲਈ 'ਉਚ' ਨਾਂਵ ਦੇਖੋ)]

ਉਜਲ = ਪਵਿੱਤਰ; ਸਾਫ਼

ਉਜਲ ਸਰੂਪ = ਸ੍ਰੇਸ਼ਟ ਵਿਅਕਤੀ
ਉਜਲ ਕਰਮ = ਸ੍ਰੇਸ਼ਟ ਕਰਮ
ਉਜਲ ਗੀਤ = ਪਵਿੱਤਰ ਗੀਤ
ਉਜਲ ਚੀਤ = ਸ਼ੁੱਧ ਹਿਰਦਾ
ਉਜਲ ਚੇਤ = ਸ੍ਰੇਸ਼ਟ ਸੋਚ
ਉਜਲ ਜੀਤ = ਸ੍ਰੇਸ਼ਟ ਫ਼ਤਹ
ਉਜਲ ਜੀਵ = ਨੇਕ ਵਿਅਕਤੀ
ਉਜਲ ਜੋਗ = ਮਹਾਨ ਕਾਰਜ
ਉਜਲ ਜੋਤਿ = ਨੇਕ ਵਿਅਕਤੀ
ਉਜਲ ਟੇਕ = ਰੱਬੀ ਆਸਰਾ
ਉਜਲਧਰਮ = ਨੇਕ ਜੀਵਨ
ਉਜਲਧਾਮ = ਪਵਿੱਤਰ ਥਾਂ
ਉਜਲਧੀਰ = ਧੀਰਜਵਾਨ
ਉਜਲਨਾਮ = ਰੱਬੀ ਨਾਂਵ
ਉਜਲਨੇਕ = ਪਵਿੱਤਰ ਤੇ ਸ੍ਰੇਸ਼ਟ
ਉਜਲਪਾਲ = ਵਾਹਿਗੁਰੂ ਪਵਿੱਤਰ ਹੈ
ਉਜਲਪ੍ਰੀਤ = ਸੱਚਾ ਪਿਆਰ
ਉਜਲਪ੍ਰੇਮ = ਸੱਚਾ ਪਿਆਰ
ਉਜਲਬਲ = ਬਹਾਦਰ ਤੇ ਨੇਕ
ਉਜਲਬੀਰ = ਬਹਾਦਰ ਤੇ ਨੇਕ
ਉਜਲਭਾਨ = ਰੌਸ਼ਨੀ ਕਰਨ ਵਾਲਾ
ਉਜਲਮੰਤ = ਰੱਬੀ ਨਾਂਵ
ਉਜਲਮੀਤ = ਸ੍ਰੇਸ਼ਟ ਤੇ ਪਿਆਰਾ
ਉਜਲਰੂਪ = ਸ੍ਰੇਸ਼ਟ ਵਿਅਕਤੀ
ਉਜਲਵੰਤ = ਨੇਕ ਤੇ ਸਾਫ਼ ਦਿਲ

ਉਜਾਗਰ = ਪ੍ਰਸਿੱਧ, ਮਸ਼ਹੂਰ

[ਨੋਟ : ਉਜਾਗਰ ਨਾਂਵ ਪੂਰਾ ਨਾਂਵ ਹੈ, ਜੇਕਰ ਇਸਦੇ ਨਾਲ ਹੋਰ ਪਿਛੇਤਰ ਜੋੜ ਜੋੜਾਂਗੇ, ਤਾਂ ਅਜਿਹੇ ਨਾਂਵਾਂ ਦਾ ਉਚਾਰਣ ਤੇ ਆਕਾਰ ਵੱਡਾ ਹੋ ਜਾਵੇਗਾ। ਜਿਵੇਂ : ਉਜਾਗਰਸਰੂਪ, ਉਜਾਗਰ-ਦੀਪ, ਉਜਾਗਰਦੇਵ, ਉਜਾਗਰਪ੍ਰੇਮ, ਪ੍ਰੀਤ, ਬੀਰ ਤੇ ਵੰਤ ਆਦਿ।]

ਉਤਸਵ = ਅਨੰਦ, ਖ਼ੁਸ਼ੀ
ਉਤਸ਼ਾਹ = ਹੌਸਲਾ, ਹਿੰਮਤ

ਉਤਮ = ਸਿਆਣਾ, ਯੋਗ

ਉਤਮ ਸਰੂਪ = ਸ੍ਰੇਸ਼ਟ ਵਿਅਕਤੀ
ਉਤਮਹੇਤ = ਸੱਚਾ ਸਨੇਹ
ਉਤਮਕਰਮ = ਸ੍ਰੇਸ਼ਟ ਕਾਜ
ਉਤਮਕੀਰਤ = ਯੋਗ ਉਪਮਾ, ਰੱਬੀ ਉਪਮਾ

ਉਤਮ ਖੜਗ = ਸ੍ਰੇਸ਼ਟ ਤੇ ਬਹਾਦਰ
ਉਤਮ ਗਿਆਨ = ਉੱਚ ਸੋਚ
ਉਤਮਚੇਤ = ਉੱਚ ਸੋਚ
ਉਤਮ ਜਗਤ = ਚੰਗੇ ਲੋਕ, ਸ੍ਰੇਸ਼ਟ ਧਰਤੀ
ਉਤਮਜਾਪ = ਰੱਬੀ ਬੰਦਗੀ
ਉਤਮਜੀਤ = ਸਫਲ ਫ਼ਤਹ
ਉਤਮਜੀਵ = ਨੇਕ ਪੁਰਸ਼
ਉਤਮਜੋਤਿ = ਨੇਕ ਪੁਰਸ਼
ਉਤਮਟੇਕ = ਰੱਬੀ ਆਸਰਾ
ਉਤਮ ਤੀਰਥ = ਪਵਿੱਤਰ ਸਥਾਨ
ਉਤਮ ਦਾਤ = ਮਹਾਨ ਕਿਰਪਾ
ਉਤਮਦੀਸ਼ = ਮਹਾਨ ਜੋਤਿ
ਉਤਮਦੇਵ = ਸ੍ਰੇਸ਼ਟ ਵਿਅਕਤੀ
ਉਤਮਧਰਮ = ਚੰਗਾ ਜੀਵਨ
ਉਤਮ ਧਿਆਨ = ਸ਼ੁਭ ਲਗਨ
ਉਤਮ ਨਾਮ = ਰੱਬੀ ਨਾਂਵ
ਉਤਮਨੇਮ = ਸ੍ਰੇਸ਼ਟ ਨਿਤਕਰਮ
ਉਤਮਪਾਲ = ਪਾਲਣਹਾਰਾ ਮਹਾਨ ਹੈ
ਉਤਮਪ੍ਰੀਤ = ਸੱਚਾ ਪਿਆਰ
ਉਤਮਪ੍ਰੇਮ = ਸੱਚਾ ਪਿਆਰ
ਉਤਮ ਬਹਾਦਰ = ਸ੍ਰੇਸ਼ਟ ਤੇ ਬਹਾਦਰ
ਉਤਮਬਲ = ਸ੍ਰੇਸ਼ਟ ਤੇ ਬਹਾਦਰ
ਉਤਮਬੀਰ = ਸ੍ਰੇਸ਼ਟ ਤੇ ਬਹਾਦਰ
ਉਤਮ ਭਗਤ = ਸ੍ਰੇਸ਼ਟ ਤੇ ਧਰਮੀ
ਉਤਮਰੂਪ = ਸ੍ਰੇਸ਼ਟ ਤੇ ਧਰਮੀ
ਉਤਮਲੀਨ = ਸ੍ਰੇਸ਼ਟ ਤੇ ਬੰਦਗੀ ਵਾਲਾ
ਉਤਮਵੰਤ = ਸ੍ਰੇਸ਼ਟ ਤੇ ਧਰਮੀ

ਉਦਮ = ਹਿੰਮਤ, ਮਿਹਨਤ

ਉਦਮ ਸਰੂਪ = ਹਿੰਮਤੀ
ਉਦਮ ਕਰਮ = ਹਿੰਮਤੀ
ਉਦਮਚੀਤ = ਬੰਦਗੀ ਕਰਨ ਵਾਲਾ
ਉਦਮਚੇਤ = ਬੰਦਗੀ ਕਰਨ ਵਾਲਾ
ਉਦਮਜਗਤ = ਹਿੰਮਤੀ ਤੇ ਬਹਾਦਰ
ਉਦਮਜੀਤ = ਹਿੰਮਤੀ ਤੇ ਫ਼ਤਹ ਪਾਉਣ ਵਾਲਾ
ਉਦਮਜੋਤਿ = ਹਿੰਮਤੀ ਤੇ ਫ਼ਤਹ ਪਾਉਣ ਵਾਲਾ
ਉਦਮਟੇਕ = ਹਿੰਮਤੀ ਤੇ ਫ਼ਤਹ ਪਾਉਣ ਵਾਲਾ
ਉਦਮਦੀਪ = ਹਿੰਮਤ ਦਾ ਰਸਤਾ ਦੱਸਣ ਵਾਲਾ
ਉਦਮਦੇਵ = ਹਿੰਮਤ ਦਾ ਰਸਤਾ ਦੱਸਣ ਵਾਲਾ
ਉਦਮਨਾਮ = ਹਿੰਮਤ ਨਾਲ ਬੰਦਗੀ ਕਰਨ ਵਾਲਾ
ਉਦਮਨੇਕ = ਹਿੰਮਤੀ ਤੇ ਸ੍ਰੇਸ਼ਟ
ਉਦਮਪਾਲ = ਹਿੰਮਤ ਰੱਖਣ ਵਾਲਾ
ਉਦਮਪ੍ਰੀਤ = ਹਿੰਮਤ ਰੱਖਣ ਵਾਲਾ
ਉਦਮਪ੍ਰੇਮ = ਹਿੰਮਤ ਰੱਖਣ ਵਾਲਾ
ਉਦਮਬੀਰ = ਬਹਾਦਰ
ਉਦਮਮੰਤ = ਹਿੰਮਤ ਕਰਨ ਵਾਲਾ
ਉਦਮਰੂਪ = ਹਿੰਮਤ ਕਰਨ ਵਾਲਾ
ਉਦਮਲੀਨ = ਹਿੰਮਤ ਕਰਨ ਵਾਲਾ
ਉਦਮਵੰਤ = ਹਿੰਮਤ ਕਰਨ ਵਾਲਾ

ਉਦਾ ਜਾਂ ਉਦੈ = ਪ੍ਰਕਾਸ਼ ਜਾਂ ਪ੍ਰਗਟ ਹੋਣਾ

ਉਦਾਰਸਰੂਪ = ਖੁੱਲ੍ਹੇ ਦਿਲ ਵਾਲਾ
ਉਦਾਰਮੂਰਤ = ਖੁੱਲ੍ਹੇ ਦਿਲ ਵਾਲਾ
ਉਦੀਪ = ਜਲ-ਪਾਣੀ ਛਕਾਉਣ ਵਾਲਾ
ਉਦੈਸਰੂਪ = ਪ੍ਰਗਟ ਹੋਇਆ ਵਿਅਕਤੀ
ਉਦੈਕਰਮ = ਸ਼ੁਭ ਕਾਰਜ
ਉਦੈਕਿਰਨ = ਨਵੀਂ ਕਿਰਨ ਦਾ ਪ੍ਰਕਾਸ਼
ਉਦੈਗਿਆਨ = ਗਿਆਨ ਦਾ ਪ੍ਰਕਾਸ਼
ਉਦੈਚੇਤ = ਨਵੀਂ ਚੇਤਨਾ ਦਾ ਪ੍ਰਗਟਣਾ
ਉਦੈਜਸ = ਵਡਿਆਈ ਪਾਉਣੀ
ਉਦੈਜਗਤ = ਜਗਤ ਵਿਚ ਪ੍ਰਵੇਸ਼
ਉਦੈਜੀਤ = ਫ਼ਤਹ ਨੇ ਪੈਰ ਚੁੰਮਣੇ
ਉਦੈਜੋਤਿ = ਨਵੀਂ ਜੋਤਿ ਦਾ ਪ੍ਰਕਾਸ਼
ਉਦੈਟੇਕ = ਰੱਬੀ ਆਸਰਾ ਜ਼ਾਹਰੀ ਹੋਵੇ

ਉਦੈਦੀਸ਼ = ਰੱਬੀ ਪ੍ਰਕਾਸ਼
ਉਦੈਦੀਪ = ਨਵੀਂ ਰੋਸ਼ਨੀ ਜਾਂ ਜੋਤਿ
ਉਦੈਦੇਵ = ਦੇਵ ਆਤਮਾ ਦਾ ਪ੍ਰਕਾਸ਼
ਉਦੈਧਰਮ = ਧਰਮ ਦਾ ਪ੍ਰਕਾਸ਼
ਉਦੈਨਾਮ = ਨਾਮ ਦੀ ਜੋਤਿ
ਉਦੈ ਨਿਰਮਲ = ਨਿਰਮਲਤਾ ਦਾ ਪ੍ਰਕਾਸ਼
ਉਦੈਨੇਕ = ਨੇਕਨਾਮੀ ਪ੍ਰਗਟ ਹੋਣੀ
ਉਦੈਪਾਲ = ਪਾਲਣਹਾਰ ਦੀ ਜੋਤਿ ਦਾ ਪ੍ਰਕਾਸ਼
ਉਦੈ ਪ੍ਰਕਾਸ਼ = ਪਾਲਣਹਾਰ ਦੀ ਜੋਤਿ ਦਾ ਪ੍ਰਕਾਸ਼
ਉਦੈਪ੍ਰੀਤ = ਪਿਆਰ ਦਾ ਪ੍ਰਕਾਸ਼
ਉਦੈਪ੍ਰੇਮ = ਪਿਆਰ ਦਾ ਪ੍ਰਕਾਸ਼
ਉਦੈਬਖ਼ਸ਼ = ਨਦਰ ਹੋਣੀ
ਉਦੈਬਲ = ਬੀਰਤਾ ਪ੍ਰਗਟ ਹੋਣੀ
ਉਦੈਬੀਰ = ਬੀਰਤਾ ਪ੍ਰਗਟ ਹੋਣੀ
ਉਦੈਭਗਤ = ਬੀਰਤਾ ਪ੍ਰਗਟ ਹੋਣੀ
ਉਦੈਮੀਤ = ਪਿਆਰ ਸਨੇਹ ਦਾ ਪ੍ਰਗਟ ਹੋਣਾ
ਉਦੈਰੂਪ = ਦੇਖੋ 'ਉਦੈਸਰੂਪ'
ਉਦੈਲੀਨ = ਬੰਦਗੀ ਲਈ ਪ੍ਰੇਰਿਤ ਹੋਣਾ
ਉਦੈਵੰਤ = ਪ੍ਰਗਟ ਵਿਅਕਤੀ

ਉਪ = ਨੇੜਤਾ; ਅਧਿਕ; ਜਾਂ ਕਿਸੇ ਪਦ ਦੇ ਅਗੇਤਰ ਵਿਚ ਲਗਾ ਕੇ ਪਦਵੀ ਪਹਿਚਾਣ ਲਈ ਪ੍ਰਯੋਗ ਹੁੰਦਾ ਹੈ।

ਉਪਇੰਦਰ ਜਾਂ ਉਪਿੰਦਰ = ਇੰਦਰ ਦਾ ਨਿਕਟੀ, ਮਹਾਨ ਵਿਅਕਤੀ
ਉਪਸੰਗਤ = ਸੰਗਤ ਦਾ ਪ੍ਰੇਮੀ
ਉਪਸਰੂਪ = ਜਚਦਾ ਰੂਪ
ਉਪਸੇਵ = ਸੇਵਾ ਭਾਵਨਾ
ਉਪਕਰਮ = ਸ੍ਰੇਸ਼ਟ ਕਾਰਜ, ਚੰਗੇ ਭਾਗ
ਉਪਕਾਰ = ਭਲਾ ਕੰਮ, ਸੇਵਾ
ਉਪਗਰਜ = ਸੱਚਾਈ ਲਈ ਦ੍ਰਿੜ੍ਹ
ਉਪਗਿਆਨ = ਗਿਆਨ ਦਾ ਜਾਚਕ
ਉਪਚੇਤ = ਚੰਗੀ ਚੇਤਨਾ
ਉਪਜਗਤ = ਜਗਤ ਦਾ ਪ੍ਰੇਮੀ
ਉਪਜੀਤ = ਫ਼ਤਹ ਦਾ ਚਾਹਵਾਨ
ਉਪਜੋਤਿ = ਮਹਾਨ ਜੋਤਿ ਦਾ ਪ੍ਰੇਮੀ
ਉਪਟੇਕ = ਰੱਬੀ ਆਸਰਾ ਤੱਕਣਾ
ਉਪਤੀਰਥ = ਪਵਿੱਤਰ ਆਤਮਾ
ਉਪਦੇਸ਼ = ਸਿੱਖਿਆ
ਉਪਧਰਮ = ਧਰਮੀ ਬਨਣ ਵਾਲਾ
ਉਪਨਰੈਣ = ਰੱਬੀ ਭਗਤ
ਉਪਨਿਸ਼ਾਨ = ਸ੍ਰੇਸ਼ਟਤਾ ਪ੍ਰਗਟਾਉਣੀ
ਉਪਨਿਹਾਲ = ਅਨੰਦ-ਪ੍ਰਸੰਨ
ਉਪਨਿਧਾਨ = ਸੰਤੁਸ਼ਟ
ਉਪਨਿਰਮਲ = ਸਾਫ਼ ਹਿਰਦੇ ਵਾਲਾ
ਉਪਨੇਕ = ਸਿਆਣਾ ਸੂਝਵਾਨ
ਉਪਬੀਰ = ਬਹਾਦਰ
ਉਪਮੰਤ = ਰੱਬੀ ਨਾਂਵ
ਉਪਮਾਰੂਪ = ਵਡਿਆਈ ਦਾ ਪਾਤਰ
ਉਪਮੀਤ = ਸੱਚਾ ਸਨੇਹੀ
ਉਪਰਾਗ = ਤਾਕਤਵਰ
ਉਪਰਾਜ = ਰਾਜ ਭਾਗ ਦਾ ਮਾਲਕ, ਯੁਵਰਾਜ
ਉਪਰੂਪ = ਜਚਦਾ ਸਰੂਪ
ਉਪਲੀਨ = ਭਗਤੀ 'ਚ ਲੀਨ

ਉਮਰ = ਆਯੂ, ਅਉਧ

ਉਮਰਸਰੂਪ = ਚੰਗੇ ਜੀਵਨ ਵਾਲਾ
ਉਮਰਜੀਤ = ਚੰਗਾ ਜੀਵਨ ਖੱਟਣਾ
ਉਮਰਜੋਤਿ = ਚੰਗਾ ਜੀਵਨ ਖੱਟਣਾ
[ਨੋਟ: ਹੋਰ ਪਿਛੇਤਰ ਜੋੜ ਲਗਾ ਕੇ ਨਾਂਵ ਬਣਾ ਸਕਦੇ ਹੋ।]
ਉਮਰਾਓ = ਰਾਜਕੁਮਾਰ, ਰਾਜ ਦਰਬਾਰ ਦਾ ਵੱਡਾ ਅਧਿਕਾਰੀ

ਓਅੰਕਾਰ (ਜਾਂ ੳੰਕਾਰ ਵੀ ਲਿਖਿਆ ਜਾ ਸਕਦਾ ਹੈ) = ਵਾਹਿਗੁਰੂ ਇਕ ਹੈ, ਨਿਰਗੁਣ ਸਰੂਪ ਪਰਮਾਤਮਾ

ਓਅੰਕਾਰ ਸਰੂਪ = ਰੱਬੀ ਰੂਪ

ਓਅੰਕਾਰ ਹੇਤ = ਰੱਬੀ ਪਿਆਰ
ਓਅੰਕਾਰ ਕਰਮ = ਨੇਕ ਕਰਮ
ਓਅੰਕਾਰ ਕੀਰਤ = ਰੱਬੀ ਉਸਤਤ
ਓਅੰਕਾਰ ਗਿਆਨ = ਰੱਬੀ ਗਿਆਨ
ਓਅੰਕਾਰ ਗੀਤ = ਰੱਬੀ ਭਜਨ
ਓਅੰਕਾਰ ਚਰਨ = ਰੱਬੀ ਨਾਂਵ
ਓਅੰਕਾਰ ਚੀਤ = ਵਾਹਿਗੁਰੂ ਦੀ ਯਾਦ
ਓਅੰਕਾਰ ਚੇਤ = ਨਿਰੰਕਾਰੀ ਬੰਦਗੀ
ਓਅੰਕਾਰ ਛੋਹ = ਵਾਹਿਗੁਰੂ ਦੀ ਨਦਰ
ਓਅੰਕਾਰ ਜਾਪ = ਰੱਬੀ ਬੰਦਗੀ
ਓਅੰਕਾਰ ਜੀਤ = ਵਾਹਿਗੁਰੂ ਦੀ ਫ਼ਤਹਿ
ਓਅੰਕਾਰ ਜੋਤਿ = ਮਹਾਨ ਆਤਮਾ
ਓਅੰਕਾਰ ਟੇਕ = ਵਾਹਿਗੁਰੂ ਦਾ ਆਸਰਾ, ਓਟ
ਓਅੰਕਾਰ ਤੀਰਥ = ਰੱਬੀ ਨਾਂਵ

ਓਅੰਕਾਰ ਦੀਸ਼ = ਰੱਬੀ ਜੋਤਿ
ਓਅੰਕਾਰ ਦੇਵ = ਗੁਰਮੁਖ ਹਸਤੀ
ਓਅੰਕਾਰ ਧਾਮ = ਪਵਿੱਤਰ ਸਥਾਨ
ਓਅੰਕਾਰ ਨਾਮ = ਰੱਬੀ ਨਾਂਵ
ਓਅੰਕਾਰ ਪਾਲ = ਵਾਹਿਗੁਰੂ ਪਾਲਣਹਾਰ
ਓਅੰਕਾਰ ਪੁਰਖ = ਰੱਬੀ ਹਸਤੀ
ਓਅੰਕਾਰ ਪ੍ਰੀਤ = ਰੱਬੀ ਪਿਆਰ
ਓਅੰਕਾਰ ਪ੍ਰੇਮ = ਰੱਬੀ ਪਿਆਰ
ਓਅੰਕਾਰ ਬਖ਼ਸ਼ = ਰੱਬੀ ਨਦਰ
ਓਅੰਕਾਰ ਬੀਰ = ਬਹਾਦਰ ਹਸਤੀ
ਓਅੰਕਾਰ ਭਗਤ = ਰੱਬੀ ਜੋਤਿ
ਓਅੰਕਾਰ ਮੰਤ = ਰੱਬੀ ਨਾਂਵ
ਓਅੰਕਾਰ ਲੀਨ = ਸਿਮਰਨ 'ਚ ਲੀਨ
ਓਅੰਕਾਰ ਵੰਤ = ਰੱਬੀ ਬੰਦਗੀ ਵਾਲਾ

ਅ

[ਹਰ ਨਾਂਵ ਨਾਲ 'ਸਿੰਘ' ਅਤੇ 'ਕੌਰ' ਲਗਾਓ]

ਅਸੰਖ = ਬੇਅੰਤ, ਅਥਾਹ

ਅਸਥੰਮਨ = ਥੰਮ, ਆਸਰਾ

ਅਸ਼ਬਿੰਦਰ = ਸੱਚਾ ਸਨੇਹੀ, ਮਿੱਤਰ

ਅਸਮਾਨ = ਆਕਾਸ਼

ਅਸਰੂਪ = ਰੂਪ, ਸੂਰਤ

ਅਸੀਸ = ਅਸ਼ੀਰਵਾਦ

[ਨੋਟ: ਅਸੀਸ ਨਾਲ ਹੋਰ ਪਿਛੇਤਰ ਲਗਾ ਕੇ ਨਾਂਵ ਬਣਾਏ ਜਾ ਸਕਦੇ ਹਨ। ਜਿਵੇਂ ਅਸੀਸਜੀਤ, ਅਸੀਸਜੋਤਿ, ਅਸੀਸਟੇਕ, ਅਸੀਸਪ੍ਰੀਤ, ਅਸੀਸਪ੍ਰੇਮ, ਅਸੀਸਪਾਲ, ਅਸੀਸਰੂਪ ਆਦਿ]

ਅਸੀਮ = ਅਗਮ, ਅਥਾਹ

ਅਸੀਮ ਕਰਮ = ਮਹਾਨ ਕਾਰਜ

ਅਸੀਮ ਗਿਆਨ = ਗਿਆਨਵਾਨ, ਬਹੁਤ ਗੁਣੀ

ਅਸੀਮਚੀਤ = ਉੱਚੀ ਸੋਚ

ਅਸੀਮਚੇਤ = ਉੱਚੀ ਸੋਚ

ਅਸੀਮ ਜਗਤ = ਸੰਸਾਰ ਅਥਾਹ ਹੈ

ਅਸੀਮਜੀਤ = ਮਹਾਨ ਫ਼ਤਹ

ਅਸੀਮਜੋਤਿ = ਰੱਬੀ ਆਤਮਾ ਜਾਂ ਜੋਤਿ

ਅਸੀਮਟੇਕ = ਰੱਬੀ ਆਸਰਾ

ਅਸੀਮਦਰਸ਼ = ਅਗੰਮੀ ਝਲਕਾਰਾ

ਅਸੀਮਦੀਸ਼ = ਪਰਮਾਤਮਾ ਵੱਡਾ ਹੈ

ਅਸੀਮਦੀਪ = ਅਗੰਮੀ ਜੋਤਿ

ਅਸੀਮਦੇਵ = ਮਹਾਨ ਦੇਵਤਾ

ਅਸੀਮਨਾਮ = ਰੱਬੀ ਨਾਂਵ

ਅਸੀਮਪਾਲ = ਪਾਲਣਹਾਰਾ ਵੱਡਾ ਹੈ

ਅਸੀਮ ਪ੍ਰਕਾਸ਼ = ਅਗੰਮੀ ਜੋਤਿ

ਅਸੀਮਪ੍ਰੀਤ = ਅਗੰਮੀ ਪਿਆਰ

ਅਸੀਮਪ੍ਰੇਮ = ਅਗੰਮੀ ਪਿਆਰ

ਅਸੀਮਵੰਤ = ਵੱਡਾ ਪਰਮਾਤਮਾ

ਅਸ਼ੋਕ = ਸ਼ੋਕ ਤੋਂ ਰਹਿਤ ਵਾਹਿਗੁਰੂ

ਅਸ਼ੋਕਸਰੂਪ = ਫ਼ਿਕਰ ਰਹਿਤ, ਬੇਪਰਵਾਹ

ਅਸ਼ੋਕ ਗਿਆਨ = ਮਹਾਨ ਗਿਆਨ

ਅਸ਼ੋਕਚੀਤ = ਚਿੰਤਾ ਰਹਿਤ

ਅਸ਼ੋਕਚੇਤ = ਚਿੰਤਾ ਰਹਿਤ

ਅਸ਼ੋਕ ਜਗਤ = ਚਿੰਤਾ ਰਹਿਤ ਲੋਕ

ਅਸ਼ੋਕਜੀਤ = ਮਹਾਨ ਫ਼ਤਹਿ

ਅਸ਼ੋਕਜੋਤਿ = ਚਿੰਤਾ ਰਹਿਤ

ਅਸ਼ੋਕਟੇਕ = ਰੱਬੀ ਆਸਰਾ

ਅਸ਼ੋਕਦੀਪ = ਮਹਾਨ ਜੋਤਿ

ਅਸ਼ੋਕਦੇਵ = ਚਿੰਤਾ ਰਹਿਤ ਹਸਤੀ

ਅਸ਼ੋਕ ਧਰਮ = ਚਿੰਤਾ ਰਹਿਤ ਧਰਮੀ

ਅਸ਼ੋਕਪਾਲ = ਰੱਬੀ ਆਸਰਾ

ਅਸ਼ੋਕਪ੍ਰੀਤ = ਸੱਚਾ ਪਿਆਰ

ਅਸ਼ੋਕਪ੍ਰੇਮ = ਸੱਚਾ ਪਿਆਰ

ਅਸ਼ੋਕ ਬੀਰ = ਬਹਾਦਰ ਤੇ ਚਿੰਤਾ ਰਹਿਤ

ਅਸ਼ੋਕ ਭਗਤ = ਬੇ-ਪ੍ਰਵਾਹ ਤੇ ਸ੍ਰੇਸ਼ਟ

ਅਸ਼ੋਕਰੂਪ = ਬੇਪਰਵਾਹ

ਅਸ਼ੋਕਵੰਤ = ਬੇਪਰਵਾਹ

ਅਕੱਥ = ਕਥਨ ਤੋਂ ਬਾਹਰ, ਪਰਮਾਤਮਾ

ਅਕਲ = ਦਿਮਾਗ਼, ਸੂਝ
ਅਕਲਸਰੂਪ = ਸਮਝਦਾਰ, ਸਿਆਣਾ
ਅਕਲਕਲਾ = ਦਿਮਾਗ਼ੀ ਫੁਰਤੀ
ਅਕਲਚੀਤ = ਚੰਗੀ ਸੋਚ ਵਾਲਾ
ਅਕਲਚੇਤ = ਚੰਗੀ ਸੋਚ ਵਾਲਾ
ਅਕਲ ਜਗਤ = ਗਿਆਨਵਾਨ ਲੋਕ
ਅਕਲਜੀਤ = ਯੋਗ ਫ਼ਤਹ
ਅਕਲਜੋਸ਼ = ਦਿਮਾਗ਼ੀ ਸੂਝ-ਬੂਝ
ਅਕਲਜੋਤਿ = ਚੰਗੀ ਸੋਚ ਵਾਲਾ
ਅਕਲਟੇਕ = ਚੰਗੀ ਸੋਚ ਵਾਲਾ
ਅਕਲਦੀਪ = ਗਿਆਨ ਦਾ ਸੂਰਜ
ਅਕਲਦੇਵ = ਗਿਆਨ ਦਾ ਸੂਰਜ
ਅਕਲਨਾਮ = ਸ੍ਰੇਸ਼ਟ ਨਾਮ
ਅਕਲਪਾਲ = ਸੂਝ-ਬੂਝ ਵਾਲਾ
ਅਕਲ ਪ੍ਰਕਾਸ਼ = ਗਿਆਨ ਦਾ ਚਿਰਾਗ਼
ਅਕਲਪ੍ਰੀਤ = ਗਿਆਨ ਨਾਲ ਪਿਆਰ
ਅਕਲਪ੍ਰੇਮ = ਗਿਆਨ ਨਾਲ ਪਿਆਰ
ਅਕਲਵੰਤ = ਅਕਲਵੰਦ
ਅਕਲਵੰਦ = ਅਕਲਵੰਦ
ਅਕਾਸ਼ = ਅਸਮਾਨ, ਅਗੰਮ
[ਨੋਟ : ਅਕਾਸ਼ ਨਾਲ ਕੁਝ ਕੁ ਪਿਛੇਤਰ ਲਗਾ ਕੇ ਹੋਰ ਨਾਂਵ ਬਣ ਸਕਦੇ ਹਨ; ਜਿਵੇਂ : ਅਕਾਸ਼ਜੀਤ, ਅਕਾਸ਼ਜੋਤਿ, ਅਕਾਸ਼ਪ੍ਰੀਤ, ਅਕਾਸ਼ਪ੍ਰੇਮ ਆਦਿ]

ਅਕਾਲ = ਕਾਲ ਰਹਿਤ, ਵਾਹਿਗੁਰੂ
ਅਕਾਲਈਸ਼ਰ = ਵਾਹਿਗੁਰੂ, ਅਕਾਲ ਪੁਰਖ
ਅਕਾਲਸਰੂਪ = ਅਗੰਮੀ ਜੋਤਿ
ਅਕਾਲਕਰਮ = ਮਹਾਨ ਕਾਰਜ
ਅਕਾਲਗੀਤ = ਰੱਬੀ ਭਜਨ
ਅਕਾਲਚੀਤ = ਰੱਬੀ ਯਾਦ
ਅਕਾਲਚੇਤ = ਰੱਬੀ ਯਾਦ
ਅਕਾਲਜਗਤ = ਸਾਰਾ ਸੰਸਾਰ ਵਾਹਿਗੁਰੂ ਦਾ ਹੈ
ਅਕਾਲਜੀਤ = ਵਾਹਿਗੁਰੂ ਦੀ ਫ਼ਤਹ
ਅਕਾਲਜੋਗ = ਰੱਬੀ ਬੰਦਗੀ
ਅਕਾਲਜੋਤਿ = ਰੱਬੀ ਜੋਤਿ
ਅਕਾਲਟੇਕ = ਰੱਬੀ ਆਸਰਾ
ਅਕਾਲਦੀਪ = ਰੱਬੀ ਜੋਤਿ
ਅਕਾਲਦੇਵ = ਅਗੰਮੀ ਸ਼ਕਤੀ
ਅਕਾਲਧਰਮ = ਸ੍ਰੇਸ਼ਟ ਧਰਮ
ਅਕਾਲਨਾਮ = ਰੱਬੀ ਨਾਂਵ
ਅਕਾਲਪ੍ਰੀਤ = ਰੱਬੀ ਪਿਆਰ
ਅਕਾਲਪ੍ਰੇਮ = ਰੱਬੀ ਪਿਆਰ
ਅਕਾਲਬੀਰ = ਸ੍ਰੇਸ਼ਟ ਤੇ ਬਹਾਦਰ
ਅਕਾਲ ਭਗਤ = ਰੱਬੀ ਭਗਤ
ਅਕਾਲਮੰਤ = ਰੱਬੀ ਨਾਂਵ
ਅਕਾਲਮੀਤ = ਰੱਬੀ ਭਗਤ
ਅਕਾਲਮੂਰਤ = ਰੱਬੀ ਹਸਤੀ
ਅਕਾਲਰੂਪ = ਰੱਬੀ ਹਸਤੀ
ਅਕਾਲਵੰਤ = ਰੱਬੀ ਹਸਤੀ
ਅਕਾਲਵੀਰ = ਸ੍ਰੇਸ਼ਟ ਤੇ ਬਹਾਦਰ

ਅਖੰਡ = ਅਟੁੱਟ, ਮਹਾਨ
ਅਖੰਡਸਰੂਪ = ਦ੍ਰਿੜ੍ਹਤਾ ਵਾਲਾ
ਅਖੰਡਜੀਤ = ਸਫਲ ਫ਼ਤਹ
ਅਖੰਡਜੋਤਿ = ਮਹਾਨ ਜੋਤਿ
ਅਖੰਡਟੇਕ = ਰੱਬੀ ਆਸਰਾ
ਅਖੰਡਧਰਮ = ਮਹਾਨ ਧਰਮ
ਅਖੰਡਨਾਮ = ਰੱਬੀ ਨਾਂਵ
ਅਖੰਡਪ੍ਰਕਾਸ਼ = ਮਹਾਨ ਜੋਤਿ
ਅਖੰਡਪ੍ਰੀਤ = ਸੱਚਾ ਪਿਆਰ
ਅਖੰਡਪ੍ਰੇਮ = ਸੱਚਾ ਪਿਆਰ
ਅਖੰਡਬੀਰ = ਬਹਾਦਰ
ਅਖੰਡਰੂਪ = ਸ੍ਰੇਸ਼ਟ ਵਿਅਕਤੀ
ਅਖੰਡਵੀਰ = ਸ੍ਰੇਸ਼ਟ ਵਿਅਕਤੀ
ਅਖੰਡਵੰਤ = ਸ੍ਰੇਸ਼ਟ ਵਿਅਕਤੀ

ਅਖ਼ਤਿਆਰ = ਅਧਿਕਾਰੀ, ਮਾਲਕ
ਅਗੰਜ = ਅਜਿੱਤ

ਅੰਗਦ = ਸਿੱਖਾਂ ਦੇ ਦੂਸਰੇ ਗੁਰੂ ਦਾ ਨਾਂਵ, ਜਿਸਦਾ ਭਾਵ ਸਰੀਰ ਦਾ ਹਿੱਸਾ ਬਣ ਜਾਣਾ, ਸਾਥੀ ਹੋ ਜਾਣਾ; ਸੰਸਕ੍ਰਿਤ ਵਿਚ ਅੰਗਦ ਦਾ ਭਾਵ 'ਪੁੱਤਰ' ਹੈ।

ਅੰਗਦਸਰੂਪ = ਜੋਤਿ ਵਿਚ ਮਿਲ ਜਾਣਾ
ਅੰਗਦਚੀਤ = ਰੱਬੀ ਚੇਤਨਾ
ਅੰਗਦਚੇਤ = ਰੱਬੀ ਚੇਤਨਾ
ਅੰਗਦਜੀਤ = ਪਰਵਾਨਤ ਪੁੱਤਰ
ਅੰਗਦਜੋਤਿ = ਸੱਚੀ ਜੋਤਿ

ਅਗਮ = ਅਥਾਹ, ਵੱਡਾ

ਅਗਮਸਰੂਪ = ਮਹਾਨ ਵਿਅਕਤੀ
ਅਗਮ ਕਰਮ = ਰੂਹਾਨੀ ਕਲਾ
ਅਗਮਗਿਆਨ = ਰੱਬੀ ਗਿਆਨ
ਅਗਮਗੀਤ = ਰੱਬੀ ਭਜਨ
ਅਗਮਚੀਤ = ਰੱਬੀ ਸੋਚ
ਅਗਮਚੇਤ = ਰੱਬੀ ਸੋਚ
ਅਗਮਜੀਤ = ਮਹਾਨ ਫ਼ਤਹਿ
ਅਗਮਜੋਤਿ = ਮਹਾਨ ਜੋਤਿ
ਅਗਮਟੇਕ = ਰੱਬੀ ਆਸਰਾ
ਅਗਮਦੀਪ = ਪ੍ਰਭੂ ਦਾ ਪ੍ਰਕਾਸ਼
ਅਗਮਨਾਮ = ਰੱਬੀ ਨਾਂਵ
ਅਗਮ ਨੂਰ = ਰੂਹਾਨੀ ਪ੍ਰਕਾਸ਼
ਅਗਮ ਪਾਲ = ਵਾਹਿਗੁਰੂ ਪਾਲਣਹਾਰਾ
ਅਗਮਪ੍ਰੀਤ = ਰੱਬੀ ਪਿਆਰ
ਅਗਮਪ੍ਰੇਮ = ਰੱਬੀ ਪਿਆਰ
ਅਗਮਬੀਰ = ਬਹਾਦਰ ਭਗਤ
ਅਗਮਬੋਧ = ਬ੍ਰਹਮ ਗਿਆਨ
ਅਗਮਰੂਪ = ਮਹਾਨ ਵਿਅਕਤੀ
ਅਗਮਲੀਨ = ਰੱਬੀ ਬੰਦਗੀ
ਅਗਰਬੀਰ = ਫ਼ੌਜ ਦਾ ਮੁਖੀ
ਅੰਗਲੀਨ = ਸਮਾਉਣ ਵਾਲਾ

ਅਗਾਧ = ਅਗੰਮੀ, ਰੱਬੀ

[*ਨੋਟ:* 'ਅਗਮ' ਨਾਲ ਪਿਛੇਤਰ ਲਗਾ ਕੇ ਨਾਂਵ ਘੜੇ ਹਨ, ਉਸ ਤਰ੍ਹਾਂ ਹੀ ਅਗਾਧ ਨਾਲ ਓਹੀ ਸਾਰੇ ਪਿਛੇਤਰ ਲਗਾ ਕੇ ਹੋਰ ਨਾਂਵ ਬਣਾਏ ਜਾ ਸਕਦੇ ਹਨ। ਹੇਠ ਲਿਖੇ ਜੋੜ ਅਗਾਧ ਨਾਲ ਲਗਾ ਸਕਦੇ ਹੋ ਤੇ ਅਰਥ ਵੀ ਅਗਮ ਨਾਂਵ ਵਾਲੇ ਹੀ ਹੋਣਗੇ। ਜਿਵੇਂ: ਅਗਾਧਸਰੂਪ, ਅਗਾਧ-ਗਿਆਨ, ਅਗਾਧਗੀਤ, ਅਗਾਧਚੀਤ, ਅਗਾਧਚੇਤ, ਅਗਾਧਜੀਤ, ਅਗਾਧਜਗਤ, ਅਗਾਧਜੋਤਿ, ਅਗਾਧਟੇਕ, ਅਗਾਧ ਠਾਕਰ, ਅਗਮਨਾਮ, ਅਗਾਧ ਪ੍ਰੇਮ, ਅਗਾਧਪ੍ਰੀਤ, ਅਗਾਧਬੋਧ, ਅਗਾਧਬੀਰ, ਅਗਾਧਰੂਪ ਆਦਿ]

ਅਗਿੰਦਰ = ਹਿਮਾਲਾ
ਅਗੋਚਰ = ਵਾਹਿਗੁਰੂ, ਪਹੁੰਚ ਤੋਂ ਬਾਹਰ

ਅੰਚਲ = ਪੱਲਾ, ਲੜ

ਅੰਚਲਸਰੂਪ = ਪੱਲਾ, ਲੜ
ਅੰਚਲਜੀਤ = ਪੱਲਾ ਫੜਨ ਵਾਲਾ
ਅੰਚਲਜੋਤਿ = ਆਸਰਾ ਦੇਣ ਵਾਲਾ
ਅੰਚਲਟੇਕ = ਪੱਲਾ ਫੜਨ ਵਾਲਾ
ਅੰਚਲਦੀਪ = ਆਸਰੇ ਦਾ ਪ੍ਰਤੀਕ
ਅੰਚਲ ਧਰਮ = ਧਰਮ ਦਾ ਆਸਰਾ
ਅੰਚਲ ਨਾਮ = ਨਾਮ ਜਪਣ ਵਾਲਾ
ਅੰਚਲ ਨੂਰ = ਰੱਬੀ ਭਰੋਸਾ
ਅੰਚਲਪਾਲ = ਪੱਲਾ ਫੜਨ ਵਾਲਾ
ਅੰਚਲਪ੍ਰੀਤ = ਪੱਲਾ ਫੜਨ ਵਾਲਾ
ਅੰਚਲਪ੍ਰੇਮ = ਪੱਲਾ ਫੜਨ ਵਾਲਾ
ਅੰਚਲਬੀਰ = ਪੱਲਾ ਫੜਨ ਵਾਲਾ
ਅੰਚਲ ਭਗਤ = ਬੰਦਗੀ ਦਾ ਆਸਰਾ
ਅੰਚਲਮੀਤ = ਪੱਲਾ ਫੜਨ ਵਾਲਾ
ਅੰਚਲਰੂਪ = ਪੱਲਾ ਫੜਨ ਵਾਲਾ
ਅੰਚਲਵੰਤ = ਪੱਲਾ ਫੜਨ ਵਾਲਾ

ਅਚਿੰਤ = ਬੇ-ਫ਼ਿਕਰ, ਚਿੰਤਾ ਰਹਿਤ

ਅਚਿੰਤਸਰੂਪ = ਚਿੰਤਾ ਰਹਿਤ
ਅਚਿੰਤਜੀਤ = ਚਿੰਤਾ ਰਹਿਤ
ਅਚਿੰਤਜੋਤਿ = ਚਿੰਤਾ ਰਹਿਤ
ਅਚਿੰਤਟੇਕ = ਚਿੰਤਾ ਰਹਿਤ
ਅਚਿੰਤਦੀਪ = ਚਿੰਤਾ ਰਹਿਤ

ਅਚਿੰਤਪਾਲ = ਵਾਹਿਗੁਰੂ ਅਚਿੰਤ ਹੈ
ਅਚਿੰਤਪ੍ਰੀਤ = ਚਿੰਤਾ ਰਹਿਤ ਰਹਿਣ ਵਾਲਾ
ਅਚਿੰਤਪ੍ਰੇਮ = ਚਿੰਤਾ ਰਹਿਤ ਰਹਿਣ ਵਾਲਾ
ਅਚਿੰਤ ਬੀਰ = ਬਹਾਦਰ ਤੇ ਬੇ-ਪ੍ਰਵਾਹ
ਅਚਿੰਤ ਭਗਤ = ਬੇ-ਪ੍ਰਵਾਹ ਤੇ ਸ੍ਰੇਸ਼ਟ
ਅਚਿੰਤਰੂਪ = ਅਚਿੰਤਸਰੂਪ
ਅਚਿੰਤਲੀਨ = ਅਚਿੰਤਸਰੂਪ

ਅਚਰਜ = ਹੈਰਾਨਕੁੰਨ, ਅਦਭੁੱਤ

ਅਚੇਤ = ਅਸੂਝ, ਬੇ-ਪਰਵਾਹ
[ਨੋਟ : ਹੋਰ ਵੀ ਪਿਛੇਤਰ ਲਗਾਏ ਜਾ ਸਕਦੇ ਹਨ, ਪਰ ਗੁਰਬਾਣੀ ਵਿਚ ਜੋ ਵਿਅਕਤੀ ਬੰਦਗੀ ਨਹੀਂ ਕਰਦਾ, ਉਸਨੂੰ ਅਚੇਤ ਆਖਿਆ ਹੈ।]

ਅੰਜਨ = ਗਿਆਨ, ਸੁਰਮਾ
ਅੰਜਨਸਰੂਪ = ਗਿਆਨਵਾਨ
ਅੰਜਨਸ਼ੇਰ = ਗਿਆਨਵਾਨ
ਅੰਜਨਜਗਤ = ਸੰਸਾਰ ਦਾ ਗਿਆਨ
ਅੰਜਨਜੀਤ = ਗਿਆਨ ਦਾ ਜਿੱਤ
ਅੰਜਨਜੋਤਿ = ਗਿਆਨਵਾਨ
ਅੰਜਨਟੇਕ = ਗਿਆਨ ਦਾ ਆਸਰਾ
ਅੰਜਨਦੀਪ = ਗਿਆਨ ਦਾ ਚਿਰਾਗ
ਅੰਜਨਦੇਵ = ਗਿਆਨ ਦਾ ਚਿਰਾਗ
ਅੰਜਨ ਧਰਮ = ਧਰਮ ਦਾ ਗਿਆਨ
ਅੰਜਨਪਾਲ = ਪਾਲਣਹਾਰੇ ਦਾ ਗਿਆਨ
ਅੰਜਨਪ੍ਰੀਤ = ਗਿਆਨ ਦਾ ਪ੍ਰੇਮੀ
ਅੰਜਨਪ੍ਰੇਮ = ਗਿਆਨ ਦਾ ਪ੍ਰੇਮੀ
ਅੰਜਨਬੀਰ = ਬਹਾਦਰੀ ਬਾਰੇ ਸੂਝ
ਅਜਨਮ = ਜੰਮਣ-ਮਰਨ ਤੋਂ ਰਹਿਤ
ਅੰਜਨਰੂਪ = ਗਿਆਨ ਦਾ ਪ੍ਰੇਮੀ
ਅੰਜਨਲੀਨ = ਗਿਆਨ ਦਾ ਪ੍ਰੇਮੀ
ਅਜਪਾਲ = ਦਸਰਥ ਦਾ ਪਿਤਾ

ਅਜਬ = ਅਨੋਖਾ
ਅਜਬਸਰੂਪ = ਅਨੋਖਾ
ਅਜਬਜੀਤ = ਅਨੋਖੀ ਜਿੱਤ
ਅਜਬਜੋਤਿ = ਅਨੋਖਾ
ਅਜਬਦੀਪ = ਹੈਰਾਨਕੁੰਨ, ਹੈਰਾਨ ਕਰਨ ਵਾਲਾ
ਅਜਮਿੰਦਰ = ਵਾਹਿਗੁਰੂ ਦੀ ਜਿੱਤ
ਅਜਮੀਤ = ਸਰਬ-ਮਿੱਤਰ
ਅਜਮੇਰ = ਸੰਭਵ ਹੈ ਕਿ ਅਜਮਿਹਰ ਦਾ ਬਦਲਿਆ ਰੂਪ ਹੋਵੇ।
ਅਜਰਾਵਰ = ਪਰਮਾਤਮਾ
ਅਜਾਤ = ਬੰਧਨ ਤੋਂ ਮੁਕਤ

ਅਜੀਤ = ਜੋ ਜਿੱਤਿਆ ਨਾ ਜਾ ਸਕੇ
ਅਜੀਤਸਰੂਪ = ਜੋ ਜਿੱਤਿਆ ਨਾ ਜਾ ਸਕੇ
ਅਜੀਤਸ਼ੇਰ = ਬਹਾਦਰ ਵਿਅਕਤੀ
ਅਜੀਤ ਕਰਮ = ਸ੍ਰੇਸ਼ਟ ਕਾਰਜ
ਅਜੀਤਟੇਕ = ਵਾਹਿਗੁਰੂ ਦਾ ਆਸਰਾ
ਅਜੀਤਦੀਪ = ਜੇਤੂ, ਫ਼ਤਹ ਦਾ ਨਿਸ਼ਾਨ
ਅਜੀਤਦੇਵ = ਜੇਤੂ, ਫ਼ਤਹ ਦਾ ਨਿਸ਼ਾਨ
ਅਜੀਤਧਰਮ = ਸ੍ਰੇਸ਼ਟ ਧਰਮ
ਅਜੀਤ ਨਾਮ = ਨਾਮ ਦੀ ਜਿੱਤ
ਅਜੀਤਪਾਲ = ਵਾਹਿਗੁਰੂ
ਅਜੀਤਪੁਰਖ = ਮਹਾਨ ਪੁਰਖ
ਅਜੀਤਪ੍ਰੀਤ = ਜਿੱਤ ਦਾ ਚਾਹਵਾਨ
ਅਜੀਤਪ੍ਰੇਮ = ਜਿੱਤ ਦਾ ਚਾਹਵਾਨ
ਅਜੀਤਬਲ = ਜਿੱਤ ਲਈ ਤਾਕਤਵਰ
ਅਜੀਤਬੀਰ = ਜਿੱਤ ਲਈ ਤਾਕਤਵਰ
ਅਜੀਤਭਗਤ = ਸ੍ਰੇਸ਼ਟ ਤੇ ਬੀਰ
ਅਜੀਤਭੂਪ = ਅਜਿੱਤ ਰਾਜਾ, ਵਾਹਿਗੁਰੂ
ਅਜੀਤਮੰਤ = ਫ਼ਤਹ ਲਈ ਮੰਤਰ
ਅਜੀਤਰੂਪ = ਦੇਖੋ 'ਅਜੀਤ ਸਰੂਪ'
ਅਜੀਤ ਲੋਕ = ਜੇਤੂ
ਅਜੀਤਵੰਤ = ਜੇਤੂ

ਅਜੈ = ਜੇਤੂ
ਅਜੈਈਸ਼ਰ = ਵਾਹਿਗੁਰੂ ਦੀ ਫ਼ਤਹ

ਅਜੈਸੰਤ = ਧਰਮੀ ਆਦਮੀ ਦੀ ਫ਼ਤਹ
ਅਜੈਸਰੂਪ = ਜੇਤੂ ਸ਼ਖ਼ਸੀਅਤ
ਅਜੈਸ਼ੇਰ = ਜੇਤੂ ਸ਼ਖ਼ਸੀਅਤ
ਅਜੈਕੰਤ = ਜੇਤੂ
ਅਜੈਕਰਮ = ਜੇਤੂ ਕਰਮ
ਅਜੈਗੀਤ = ਫ਼ਤਹ ਦਾ ਗੀਤ
ਅਜੈਚੀਤ = ਦ੍ਰਿੜ੍ਹ ਇਰਾਦਾ
ਅਜੈਚੇਤ = ਦ੍ਰਿੜ੍ਹ ਇਰਾਦਾ
ਅਜੈਜੀਤ = ਜੇਤੂ
ਅਜੈਜੋਤਿ = ਜੇਤੂ
ਅਜੈਟੇਕ = ਜਿੱਤ ਦਾ ਆਸਰਾ
ਅਜੈਦੀਸ਼ = ਵਾਹਿਗੁਰੂ
ਅਜੈਦੀਪ = ਜਿੱਤ ਦਾ ਪ੍ਰਤੀਕ
ਅਜੈਦੇਵ = ਜਿੱਤ ਦਾ ਪ੍ਰਤੀਕ
ਅਜੈਧਰਮ = ਮਹਾਨ ਧਰਮ
ਅਜੈਨਾਮ = ਨਾਮ ਦੀ ਫ਼ਤਹ
ਅਜੈਨੇਕ = ਨੇਕੀ ਦੀ ਜਿੱਤ
ਅਜੈਪਾਲ = ਪਾਲਣਹਾਰੇ ਦੀ ਜਿੱਤ
ਅਜੈ ਪ੍ਰਤੀਕ = ਜਿੱਤ ਪਾਉਣ ਵਾਲਾ
ਅਜੈਪ੍ਰੀਤ = ਜਿੱਤ ਨਾਲ ਪਿਆਰ
ਅਜੈਪ੍ਰੇਮ = ਜਿੱਤ ਨਾਲ ਪਿਆਰ
ਅਜੈਬਲ = ਤਾਕਤ ਦੀ ਫ਼ਤਹ
ਅਜੈਬੀਰ = ਤਾਕਤ ਦੀ ਫ਼ਤਹ
ਅਜੈਭਗਤ = ਭਗਤ ਦੀ ਫ਼ਤਹ
ਅਜੈਭੂਪ = ਰਾਜੇ ਦੀ ਜਿੱਤ
ਅਜੈਮੰਤ = ਜਿੱਤ ਦਾ ਮੰਤਰ
ਅਜੈਮਲ = ਜੇਤੂ ਵਿਅਕਤੀ
ਅਜੈਮਾਨ = ਜਿੱਤ ਦਾ ਗੌਰਵ
ਅਜੈਰੂਪ = ਜਿੱਤ ਦਾ ਪ੍ਰਤੀਕ

ਅਜੈਬ = ਅਦਭੁੱਤ, ਹੈਰਾਨਕੁੰਨ

ਅਜੈਬਸਰੂਪ = ਅਦਭੁੱਤ, ਹੈਰਾਨਕੁੰਨ
ਅਜੈਬਜੀਤ = ਵਾਹਿਗੁਰੂ ਦੀ ਜਿੱਤ
ਅਜੈਬਜੋਤਿ = ਮਹਾਨ ਜੋਤਿ
ਅਜੈਬਟੇਕ = ਵਾਹਿਗੁਰੂ ਦਾ ਆਸਰਾ
ਅਜੈਬਤੀਰਥ = ਮਹਾਨ ਤੀਰਥ
ਅਜੈਬਦੀਪ = ਰੱਬੀ ਜੋਤਿ
ਅਜੈਬਧਰਮ = ਮਹਾਨ ਤੀਰਥ
ਅਜੈਬਨਾਮ = ਰੱਬੀ ਨਾਂਵ
ਅਜੈਬਪਾਲ = ਪਾਲਣਹਾਰਾ ਮਹਾਨ ਹੈ
ਅਜੈਬਪ੍ਰੀਤ = ਮਹਾਨ ਪਿਆਰ
ਅਜੈਬਪ੍ਰੇਮ = ਮਹਾਨ ਪਿਆਰ
ਅਜੈਬਰੂਪ = ਦੇਖੋ 'ਅਜੈਬਸਰੂਪ'

ਅਤਰ = ਸੁਗੰਧੀ ਦੇਣ ਵਾਲਾ ਤੇਲ, ਖ਼ੁਸ਼ਬੂਦਾਰ

ਅਤਰ ਸਰੂਪ = ਸੁਗੰਧੀ ਦੇਣ ਵਾਲਾ ਤੇਲ, ਖ਼ੁਸ਼ਬੂਦਾਰ
ਅਤਰ ਜਗਤ = ਸੁੰਦਰ ਜਗਤ
ਅਤਰਜੀਤ = ਸੱਚੇ ਦੀ ਫ਼ਤਹ
ਅਤਰਜੋਤਿ = ਸ੍ਰੇਸ਼ਟ ਵਿਅਕਤੀ
ਅਤਰਟੇਕ = ਮਹਾਨ ਆਸਰਾ
ਅਤਰਪਾਲ = ਰੱਬੀ ਖ਼ੁਸ਼ਬੂ
ਅਤਰਪ੍ਰਕਾਸ਼ = ਸੁਗੰਧੀ ਦੇਣ ਵਾਲਾ
ਅਤਰਪ੍ਰੀਤ = ਅਸਲੀ ਪਿਆਰ
ਅਤਰਪ੍ਰੇਮ = ਅਸਲੀ ਪਿਆਰ
ਅਤਰਲੀਨ = ਬੰਦਗੀ 'ਚ ਲੀਨਤਾ

ਅੰਤਰ = ਅੰਦਰੂਨੀ, ਰੂਹਾਨੀ

ਅੰਤਰਸਰੂਪ = ਅੰਤਰੀਵ ਭਾਵਨਾ
ਅੰਤਰਕਰਮ = ਸ਼ੁਭ ਕੰਮ
ਅੰਤਰ ਗਿਆਨ = ਰੂਹਾਨੀ ਸੂਝ
ਅੰਤਰਗੀਤ = ਰੂਹਾਨੀ ਗੀਤ
ਅੰਤਰਚੀਤ = ਰੱਬੀ ਬੰਦਗੀ
ਅੰਤਰਚੇਤ = ਰੱਬੀ ਬੰਦਗੀ
ਅੰਤਰਜਗਤ = ਸੰਸਾਰ ਅੰਦਰ
ਅੰਤਰਜਾਪ = ਰੱਬੀ ਯਾਦ
ਅੰਤਰਜਾਮ = ਦਿਲਾਂ ਦੀਆਂ ਜਾਣਨ ਵਾਲਾ
ਅੰਤਰਜੀਤ = ਆਪਣੇ ਆਪ 'ਤੇ ਕਾਬੂ

ਅੰਤਰਜੋਤਿ = ਆਤਮਾ
ਅੰਤਰਟੇਕ = ਰੱਬੀ ਆਸਰਾ
ਅੰਤਰ ਤੀਰਥ = ਨਾਮ ਰੂਪੀ ਤੀਰਥ
ਅੰਤਰਦੀਸ਼ = ਪਰਮਾਤਮਾ ਅੰਦਰ ਹੀ ਹੈ
ਅੰਤਰਦੀਪ = ਨਾਮ ਰੂਪੀ ਤੀਰਥ
ਅੰਤਰਦੇਵ = ਨਾਮ ਰੂਪੀ ਤੀਰਥ
ਅੰਤਰ ਧਿਆਨ = ਬੰਦਗੀ ਵਾਲਾ
ਅੰਤਰਨਾਮ = ਨਾਮ ਅੰਦਰ ਹੀ ਹੈ
ਅੰਤਰ ਨਿਹਾਲ = ਪਰਮਾਤਮਾ ਨਾਲ ਇਕਮਿਕ
ਅੰਤਰ ਨਿਰਮਲ = ਪਰਮਾਤਮਾ ਨਾਲ ਇਕਮਿਕ
ਅੰਤਰਨੇਮ = ਬੰਦਗੀ ਲਈ ਦ੍ਰਿੜ੍ਹ
ਅੰਤਰਪਾਲ = ਵਾਹਿਗੁਰੂ ਸਰੀਰ ਅੰਦਰ ਹੈ
ਅੰਤਰ ਪ੍ਰਕਾਸ਼ = ਪੁੱਜਿਆ ਹੋਇਆ ਵਿਅਕਤੀ
ਅੰਤਰ ਪ੍ਰਗਾਸ = ਪੁੱਜਿਆ ਹੋਇਆ ਵਿਅਕਤੀ
ਅੰਤਰਪ੍ਰੀਤ = ਰੱਬੀ ਪਿਆਰ
ਅੰਤਰਪ੍ਰੇਮ = ਰੱਬੀ ਪਿਆਰ
ਅੰਤਰਬਖ਼ਸ਼ = ਰੱਬੀ ਮਿਹਰ ਦਾ ਪ੍ਰਤੀਕ
ਅੰਤਰਬਖ਼ਸ਼ੀਸ਼ = ਰੱਬੀ ਮਿਹਰ ਦਾ ਪ੍ਰਤੀਕ
ਅੰਤਰ ਬਲ = ਰੂਹਾਨੀ ਸ਼ਕਤੀ
ਅੰਤਰਬੀਰ = ਰੱਬੀ ਮਿਹਰ ਦਾ ਪ੍ਰਤੀਕ
ਅੰਤਰਬੋਧ = ਰੱਬੀ ਗਿਆਨ
ਅੰਤਰਭਗਤ = ਰੱਬੀ ਗਿਆਨ
ਅੰਤਰਮੰਤ = ਦੇਖੋ 'ਅੰਤਰਨਾਮ'
ਅੰਤਰਮੀਤ = ਵਾਹਿਗੁਰੂ ਸਾਡੇ ਅੰਦਰ ਹੈ
ਅੰਤਰਮੁਖ = ਮਨ ਨੂੰ ਕਾਬੂ ਕਰਨ ਵਾਲਾ
ਅੰਤਰਲੀਨ = ਬੰਦਗੀ ਵਾਲਾ
ਅੰਤਰਵੰਤ = ਬੰਦਗੀ ਵਾਲਾ

ਅਤਿਦੇਵ = ਵੱਡਾ ਦੇਵਤਾ

ਅਤਿਦੀਪ = ਮਹਾਨ ਰੌਸ਼ਨੀ
ਅਤਿਨਾਮ = ਵੱਡਾ ਨਾਂਵ
ਅਤਿਪਾਲ = ਪਾਲਣਹਾਰਾ ਵੱਡਾ ਹੈ
ਅਤਿਪ੍ਰਕਾਸ਼ = ਮਹਾਨ ਪ੍ਰਕਾਸ਼
ਅਤਿਪ੍ਰੀਤ = ਮਹਾਨ ਪਿਆਰ
ਅਤਿਪ੍ਰੇਮ = ਮਹਾਨ ਪਿਆਰ
ਅਤਿਬੀਰ = ਵੱਡਾ ਬਹਾਦਰ
ਅਤਿਭਗਤ = ਵੱਡਾ ਭਗਤ
ਅਤਿਮੀਤ = ਮਹਾਨ ਮਿੱਤਰ
ਅਤਿਰਾਜ = ਵੱਡਾ ਰਾਜਾ ਜਾਂ ਭੂਪ
ਅਤਿਰੂਪ = ਮਹਾਨ ਵਿਅਕਤੀ
ਅਤਿਲੀਨ = ਬੰਦਗੀ ਵਾਲਾ
ਅਤੀਤ = ਬੀਤਿਆ ਹੋਇਆ, ਭੂਤਕਾਲ
ਅਤੇਵ = ਅਤਿਅੰਤ, ਬਹੁਤ ਵੱਡਾ

ਅਦਿਸਟ = ਨਾ ਦਿਸਣ ਵਾਲਾ, ਵਾਹਿਗੁਰੂ

[ਨੋਟ : ਇਸ ਨਾਲ ਜੋ ਪਿਛੇਤਰ ਲਗਾ ਕੇ ਹੋਰ ਨਾਂਵ ਬਣਾਵਾਂਗੇ ਤਾਂ ਉਚਾਰਣ ਵਿਚ ਔਖਿਆਈ ਹੋ ਸਕਦੀ ਹੈ। ਕੁਝ ਕੁ ਨਵੇਂ ਜੋੜ ਬਣ ਸਕਦੇ ਹਨ।]

ਅਦਿਸਟਜੀਤ = ਰੱਬੀ ਫ਼ਤਹ
ਅਦਿਸਟਜੋਤਿ = ਮਹਾਨ ਆਤਮਾ
ਅਦਿਸਟਪਾਲ = ਵਾਹਿਗੁਰੂ ਪਾਲਣਹਾਰਾ
ਅਦਿਸਟਪ੍ਰੀਤ = ਰੱਬੀ ਪਿਆਰ
ਅਦਿਸਟਪ੍ਰੇਮ = ਰੱਬੀ ਪਿਆਰ
ਅਦਿਸਟਰੂਪ = ਮਹਾਨ ਹਸਤੀ
ਅਦਿਸਟਵੰਤ = ਮਹਾਨ ਹਸਤੀ
ਅਨਹਦ = ਹੱਦ ਤੋਂ ਬਾਹਰ, ਰੱਬੀ ਸ਼ਬਦ

ਅਨਖ = ਅਣਖ, ਸਵੈਮਾਣ, ਗੌਰਵ

[ਨੋਟ : ਸਹੀ ਜੋੜ 'ਅਣਖ' ਹੈ। ਪੰਜਾਬੀ ਵਿਚ 'ਅਣਖ' ਲਿਖਿਆ ਜਾ ਸਕਦਾ ਹੈ, ਪਰ ਅੰਗਰੇਜ਼ੀ ਵਿਚ 'ਅਣਖ' ਨਹੀਂ ਲਿਖਿਆ ਜਾ ਸਕਦਾ, ਕਿਉਂਕਿ ਅੰਗਰੇਜ਼ੀ ਵਿਚ ਕਈ ਧੁਨੀਆਂ ਦੀ ਅਣਹੋਂਦ ਹੈ।]

ਅਣਖਸਰੂਪ = ਗੌਰਵਮਈ
ਅਣਖਖੇਮ = ਗੌਰਵਮਈ ਤੇ ਖ਼ੁਸ਼
ਅਣਖਗਰਜ = ਗੌਰਵ ਭਰਪੂਰ ਬੋਲ
ਅਣਖ ਗਿਆਨ = ਸਵੈਮਾਣ ਬਾਰੇ ਗਿਆਨ
ਅਣਖਗੀਤ = ਗੌਰਵਮਈ ਗੀਤ
ਅਣਖਚੀਤ = ਗੌਰਵ ਨੂੰ ਮੁੱਖ ਰੱਖਣਾ
ਅਣਖਚੇਤ = ਗੌਰਵ ਨੂੰ ਮੁੱਖ ਰੱਖਣਾ

ਅਣਖਜੀਤ = ਗੌਰਵਮਈ ਜਿੱਤ
ਅਣਖਜੋਤਿ = ਗੌਰਵਮਈ ਵਿਅਕਤੀ
ਅਣਖ ਪਾਲ = ਅਣਖ ਤੇ ਮਾਣ ਵਾਲਾ
ਅਣਖਪ੍ਰੀਤ = ਗੌਰਵ ਨੂੰ ਚਾਹੁਣ ਵਾਲਾ
ਅਣਖਪ੍ਰੇਮ = ਗੌਰਵ ਨੂੰ ਚਾਹੁਣ ਵਾਲਾ
ਅਣਖਰੂਪ = ਗੌਰਵਮਈ ਵਿਅਕਤੀ
ਅਣਰੂਪ = ਸੂਖਮ ਰੂਪ

ਅਨੰਤ = ਅਥਾਹ, ਵੱਡਾ

ਅਨੰਤਸਰੂਪ = ਮਹਾਨ ਵਿਅਕਤੀ
ਅਨੰਤਕਿਰਨ = ਮਹਾਨ ਜੋਤਿ
ਅਨੰਤਕੀਰਤ = ਰੱਬੀ ਉਸਤਤਿ
ਅਨੰਤਖੇਮ = ਮਹਾਨ ਖ਼ੁਸ਼ੀ
ਅਨੰਤਗਿਆਨ = ਬ੍ਰਹਮ ਗਿਆਨ
ਅਨੰਤਗੀਤ = ਰੱਬੀ ਭਜਨ
ਅਨੰਤਚੀਤ = ਰੱਬੀ ਬੰਦਗੀ
ਅਨੰਤਚੇਤ = ਰੱਬੀ ਬੰਦਗੀ
ਅਨੰਤਜਗਤ = ਵਾਹਿਗੁਰੂ ਦੀ ਸ੍ਰਿਸ਼ਟੀ
ਅਨੰਤਜਾਪ = ਰੱਬੀ ਬੰਦਗੀ
ਅਨੰਤਜੀਤ = ਵਾਹਿਗੁਰੂ ਦੀ ਜਿੱਤ
ਅਨੰਤਜੋਤਿ = ਮਹਾਨ ਜੋਤਿ
ਅਨੰਤਟੇਕ = ਰੱਬੀ ਆਸਰਾ
ਅਨੰਤਦਰਸ਼ = ਵਾਹਿਗੁਰੂ ਦਾ ਝਲਕਾਰਾ
ਅਨੰਤਦੀਪ = ਰੱਬੀ ਜੋਤਿ
ਅਨੰਤਦੇਵ = ਰੱਬੀ ਜੋਤਿ
ਅਨੰਤਨਾਮ = ਰੱਬੀ ਨਾਂਵ
ਅਨੰਤ ਨੂਰ = ਰੂਹਾਨੀ ਪ੍ਰਕਾਸ਼
ਅਨੰਤਨੇਕ = ਵਾਹਿਗੁਰੂ ਦਾ ਸ੍ਰੇਸ਼ਟ ਭਗਤ
ਅਨੰਤਪਾਲ = ਵਾਹਿਗੁਰੂ ਪਾਲਣਹਾਰਾ
ਅਨੰਤਪ੍ਰਕਾਸ਼ = ਰੱਬੀ ਪ੍ਰਕਾਸ਼
ਅਨੰਤਪ੍ਰੀਤ = ਰੱਬੀ ਪਿਆਰ
ਅਨੰਤਪ੍ਰੇਮ = ਰੱਬੀ ਪਿਆਰ
ਅਨੰਤਬਖ਼ਸ਼ = ਰੱਬੀ ਕਿਰਪਾ
ਅਨੰਤਬੀਰ = ਬਹਾਦਰ ਤੇ ਸ੍ਰੇਸ਼ਟ
ਅਨੰਤਭਗਤ = ਰੱਬੀ ਭਗਤ
ਅਨੰਤਭੂਪ = ਵਾਹਿਗੁਰੂ ਵੱਡਾ ਹੈ
ਅਨੰਤਮੰਤ = ਰੱਬੀ ਨਾਂਵ
ਅਨੰਤਮੀਤ = ਵਾਹਿਗੁਰੂ ਮਿੱਤਰ ਹੈ

ਅਨੰਤਰ = ਵਾਹਿਗੁਰੂ, ਅਥਾਹ

[*ਨੋਟ* : ਅਨੰਤਰ ਆਪਣੇ ਆਪ ਵਿਚ ਪੂਰਾ ਨਾਂਵ ਹੈ, ਜੇ ਕੋਈ ਹੋਰ ਜੋੜ ਜੋ ਛੋਟੇ ਹੋਣ, ਲਗਾ ਸਕਦਾ ਹੈ।]

ਅਨੰਤਰੂਪ = ਸ੍ਰੇਸ਼ਟ ਵਿਅਕਤੀ
ਅਨੰਤਲੀਨ = ਬੰਦਗੀ 'ਚ ਲੀਨ

ਅਨੰਦ = ਖ਼ੁਸ਼ੀ, ਉਤਸ਼ਾਹ, ਚਾਉ

ਅਨੰਦਸਰੂਪ = ਖ਼ੁਸ਼ ਤਬੀਅਤ
ਅਨੰਦਕਰਮ = ਯੋਗ ਕਰਮ
ਅਨੰਦਕਿਰਨ = ਖ਼ੁਸ਼ੀ ਦੀ ਕਿਰਨ
ਅਨੰਦਕੀਰਤ = ਖ਼ੁਸ਼ੀ ਪੈਦਾ ਕਰਨ ਵਾਲੀ ਰੱਬੀ ਉਪਮਾ
ਅਨੰਦ ਖੜਗ = ਖ਼ੁਸ਼ੀ ਦਾ ਪ੍ਰਤੀਕ
ਅਨੰਦਗਿਆਨ = ਸ੍ਰੇਸ਼ਟ ਗਿਆਨ
ਅਨੰਦਗੀਤ = ਦੇਖੋ 'ਅਨੰਦ ਕੀਰਤ'
ਅਨੰਦਚਰਨ = ਰੱਬੀ ਭਗਤੀ
ਅਨੰਦਚੀਤ = ਰੱਬੀ ਭਗਤੀ
ਅਨੰਦਚੇਤ = ਰੱਬੀ ਭਗਤੀ
ਅਨੰਦਜਗਤ = ਖ਼ੁਸ਼ੀ ਦੇਣ ਵਾਲਾ ਸੰਸਾਰ
ਅਨੰਦਜਾਪ = ਰੱਬੀ ਬੰਦਗੀ
ਅਨੰਦਜੀਤ = ਚਾਉ ਚੜ੍ਹਨਾ
ਅਨੰਦਜੋਸ਼ = ਖ਼ੁਸ਼ੀ ਲਈ ਉਤਸ਼ਾਹ
ਅਨੰਦਜੋਗ = ਖ਼ੁਸ਼ੀ ਵਾਲਾ ਕਰਮ
ਅਨੰਦਜੋਤਿ = ਅਨੰਦਰੂਪ
ਅਨੰਦਟੇਕ = ਆਸਰੇ ਵਿਚ ਖ਼ੁਸ਼ੀ
ਅਨੰਦਤੀਰਥ = ਰੱਬੀ ਨਾਂਵ ਦਾ ਅਨੰਦ
ਅਨੰਦਦਰਸ਼ = ਰੱਬੀ ਦਰਸ਼ਨ
ਅਨੰਦਦੀਪ = ਚਾਉ, ਖ਼ੁਸ਼ੀ ਦੀ ਕਿਰਨ
ਅਨੰਦਦੇਵ = ਖ਼ੁਸ਼ੀ ਦੇਣ ਵਾਲਾ

ਅਨੰਦਨਾਮ = ਨਾਮ ਦਾ ਅਨੰਦ
ਅਨੰਦਪਾਲ = ਖ਼ੁਸ਼ੀ ਨਾਲ ਪਾਲਣ ਵਾਲਾ; ਵਾਹਿਗੁਰੂ
ਅਨੰਦਪ੍ਰਕਾਸ਼ = ਖ਼ੁਸ਼ੀ ਦੀ ਜੋਤਿ
ਅਨੰਦਪ੍ਰੀਤ = ਖ਼ੁਸ਼ੀ, ਪਿਆਰ ਲਈ ਉਤਸ਼ਾਹ
ਅਨੰਦਪ੍ਰੇਮ = ਖ਼ੁਸ਼ੀ, ਪਿਆਰ ਲਈ ਉਤਸ਼ਾਹ
ਅਨੰਦਬਖ਼ਸ਼ = ਮਿਹਰ ਦੀ ਖ਼ੁਸ਼ੀ
ਅਨੰਦ ਬਿਨੋਦ = ਅਨੰਦ ਦੀ ਲੀਲਾ ਕਰਨ ਵਾਲਾ
ਅਨੰਦਬੀਰ = ਬਹਾਦਰੀ ਲਈ ਚਾਉ
ਅਨੰਦਭਗਤ = ਬੰਦਗੀ ਦਾ ਚਾਉ
ਅਨੰਦਮੀਤ = ਖ਼ੁਸ਼ੀ ਦੇਣ ਵਾਲਾ ਮਿੱਤਰ
ਅਨੰਦ ਮੂਰਤ = ਅਨੰਦ ਦੀ ਲੀਲਾ ਕਰਨ ਵਾਲਾ
ਅਨੰਦਰਸ = ਖ਼ੁਸ਼ੀ ਦਾ ਅਨੁਭਵ
ਅਨੰਦਰੂਪ = ਦੇਖੋ 'ਅਨੰਦਸਰੂਪ'
ਅਨੰਦਲੀਨ = ਖ਼ੁਸ਼ੀ ਵਿਚ ਲੀਨ
ਅਨੰਦਲੋਕ = ਖ਼ੁਸ਼ੀ ਵਿਚ ਲੀਨ
ਅਨੰਦਵੰਤ = ਖ਼ੁਸ਼ੀ ਵਿਚ ਲੀਨ
ਅਨੰਦਵੀਰ = ਦੇਖੋ 'ਅਨੰਦਬੀਰ'
ਅਨਭਉ = ਗਿਆਨ, ਆਤਮ ਗਿਆਨ

ਅਨਮੋਲ = ਕੀਮਤ-ਰਹਿਤ, ਬਹੁਤ ਕੀਮਤੀ ਵਸਤੂ

[ਨੋਟ: 'ਅਨਮੋਲ' ਆਪਣੇ ਆਪ ਵਿਚ ਅਰਥ-ਭਾਵ ਵਾਲਾ ਨਾਂਵ ਹੈ। ਇਸ ਨਾਲ ਹੋਰ ਜੋੜ ਲਗਾਏ ਜਾ ਸਕਦੇ ਹਨ, ਪਰ ਲੰਬੇ ਹੋ ਜਾਣਗੇ।]

ਅਨਰਾਉ = ਪ੍ਰੇਮ, ਚਾਉ
ਅਨਰਾਓ = ਅਨੁਰਾਗ, ਖ਼ੁਸ਼ੀ
ਅਨਵਰ = ਖ਼ੁਸ਼ੀਆਂ, ਚਮਤਕਾਰ
ਅਨਵਾਰ = ਖ਼ੁਸ਼ੀਆਂ, ਚਮਤਕਾਰ
ਅਨਾਹਤ = ਇਕ ਰਸ

ਅਨਾਤਮ = ਪਰਮਾਤਮਾ

ਅਨਾਤਮ ਸਰੂਪ = ਮਹਾਨ ਜੋਤਿ
ਅਨਾਤਮ ਜਗਤ = ਪ੍ਰਭੂ ਦਾ ਜਗਤ
ਅਨਾਤਮਜੀਤ = ਵਾਹਿਗੁਰੂ ਦੀ ਜਿੱਤ
ਅਨਾਤਮਜੋਤਿ = ਰੱਬੀ ਯਾਦ
ਅਨਾਤਮਟੇਕ = ਰੱਬੀ ਆਸਰਾ
ਅਨਾਤਮ ਤੀਰਥ = ਰੱਬੀ ਨਾਂਵ
ਅਨਾਤਮਦੀਪ = ਰੱਬੀ ਜੋਤਿ
ਅਨਾਤਮਦੇਵ = ਰੱਬੀ ਸ਼ਕਤੀ
ਅਨਾਤਮਨਾਮ = ਰੱਬੀ ਨਾਂਵ
ਅਨਾਤਮਪਾਲ = ਵਾਹਿਗੁਰੂ ਪਾਲਣਹਾਰਾ
ਅਨਾਤਮ ਪ੍ਰਕਾਸ਼ = ਬ੍ਰਹਮ ਜੋਤਿ
ਅਨਾਤਮਪ੍ਰੀਤ = ਰੱਬੀ ਪਿਆਰ
ਅਨਾਤਮਪ੍ਰੇਮ = ਰੱਬੀ ਪਿਆਰ
ਅਨਾਤਮਬੀਰ = ਸ੍ਰੇਸ਼ਟ ਤੇ ਬਹਾਦਰ
ਅਨਾਤਮ ਭਗਤ = ਸ੍ਰੇਸ਼ਟ ਵਿਅਕਤੀ
ਅਨਾਤਮਰੂਪ = ਸ੍ਰੇਸ਼ਟ ਵਿਅਕਤੀ

ਅਨਾਦ = ਅਟੱਲ, ਵਾਹਿਗੁਰੂ

ਅਨਾਦ ਸਰੂਪ = ਰੱਬੀ ਭਗਤ
ਅਨਾਦ ਕਰਮ = ਸ੍ਰੇਸ਼ਟ ਕਰਮ
ਅਨਾਦ ਗਿਆਨ = ਰੱਬੀ ਗਿਆਨ
ਅਨਾਦ ਗੀਤ = ਰੱਬੀ ਭਜਨ
ਅਨਾਦ ਚਮਨ = ਰੱਬੀ ਬਾਗ਼
ਅਨਾਦਚੀਤ = ਰੱਬੀ ਭਜਨ
ਅਨਾਦਚੇਤ = ਰੱਬੀ ਬੰਦਗੀ
ਅਨਾਦ ਜਗਤ = ਵਾਹਿਗੁਰੂ ਦਾ ਸੰਸਾਰ
ਅਨਾਦਜੀਤ = ਵਾਹਿਗੁਰੂ ਦੀ ਜਿੱਤ
ਅਨਾਦਜੋਤਿ = ਰੱਬੀ ਜੋਤਿ
ਅਨਾਦਟੇਕ = ਵਾਹਿਗੁਰੂ ਦਾ ਆਸਰਾ
ਅਨਾਦ ਤੀਰਥ = ਰੱਬੀ ਨਾਂਵ
ਅਨਾਦਦੀਪ = ਰੱਬੀ ਪ੍ਰਕਾਸ਼
ਅਨਾਦਦੇਵ = ਰੱਬੀ ਭਗਤ
ਅਨਾਦਧਰਮ = ਸ੍ਰੇਸ਼ਟ ਧਰਮ
ਅਨਾਦਨਾਮ = ਰੱਬੀ ਨਾਂਵ
ਅਨਾਦਪਾਲ = ਵਾਹਿਗੁਰੂ ਪਾਲਣਹਾਰਾ

ਅਨਾਦਪ੍ਰੀਤ = ਰੱਬੀ ਪਿਆਰ
ਅਨਾਦਪ੍ਰੇਮ = ਰੱਬੀ ਪਿਆਰ
ਅਨਾਦਬਲ = ਰੱਬੀ ਸ਼ਕਤੀ
ਅਨਾਦ ਭਗਤ = ਰੱਬੀ ਬੰਦਗੀ
ਅਨਾਦਮੀਤ = ਵਾਹਿਗੁਰੂ ਮਿੱਤਰ ਹੈ
ਅਨਾਦਮੂਰਤ = ਵਾਹਿਗੁਰੂ
ਅਨਾਦ ਮੇਹਰ = ਪਰਮਾਤਮਾ ਦੀ ਮਿਹਰ
ਅਨਾਦਰੂਪ = ਸ੍ਰੇਸ਼ਟ ਵਿਅਕਤੀ
ਅਨਾਦਲੀਨ = ਬੰਦਗੀ 'ਚ ਲੀਨ
ਅਨਾਦਲੋਕ = ਸ੍ਰੇਸ਼ਟ ਵਿਅਕਤੀ
ਅਨਾਦਵੰਤ = ਸ੍ਰੇਸ਼ਟ ਵਿਅਕਤੀ
ਅਨਾਦਵੀਰ = ਸ੍ਰੇਸ਼ਟ ਵਿਅਕਤੀ

ਅਨੀਸ਼ = ਵਿਸ਼ਨੂੰ ਦਾ ਇਕ ਨਾਂਵ; ਵੱਡੀ ਹਸਤੀ

ਅਨੀਲ = ਰੰਗ ਤੋਂ ਰਹਿਤ, ਬੇਅੰਤ, ਪਵਿੱਤਰ, ਮਾਇਆ ਰਹਿਤ

ਅਨੀਲ ਸਰੂਪ = ਬ੍ਰਹਮ ਸਰੂਪ
ਅਨੀਲ ਕਰਮ = ਮਹਾਨ ਕਾਰਜ
ਅਨੀਲ ਗਿਆਨ = ਬ੍ਰਹਮ ਗਿਆਨ
ਅਨੀਲਗੀਤ = ਰੱਬੀ ਭਜਨ
ਅਨੀਲਚੀਤ = ਵਾਹਿਗੁਰੂ ਦੀ ਬੰਦਗੀ
ਅਨੀਲਚੇਤ = ਵਾਹਿਗੁਰੂ ਦੀ ਬੰਦਗੀ
ਅਨੀਲਜੰਤ = ਸ੍ਰੇਸ਼ਟ ਵਿਅਕਤੀ
ਅਨੀਲਜੀਤ = ਵਾਹਿਗੁਰੂ ਦੀ ਫ਼ਤਹ
ਅਨੀਲਜੋਤਿ = ਮਹਾਨ ਜੋਤਿ
ਅਨੀਲਟੇਕ = ਪਰਮਾਤਮਾ ਦਾ ਆਸਰਾ
ਅਨੀਲਦੀਪ = ਬ੍ਰਹਮ ਜੋਤਿ
ਅਨੀਲਦੇਵ = ਬ੍ਰਹਮ ਰੂਪ
ਅਨੀਲਰੂਪ = ਬ੍ਰਹਮ ਰੂਪ
ਅਨੀਲਵੰਤ = ਬ੍ਰਹਮ ਰੂਪ
ਅਨੀਲਵੀਰ = ਬ੍ਰਹਮ ਰੂਪ
ਅਨੁਪ੍ਰੀਤ = ਪਿਆਰ ਦਾ ਪ੍ਰਮਾਣ
ਅਨੁਰਾਗ = ਪ੍ਰੇਮ, ਚਾਉ
ਅਨੁਰੀਤ = ਗਤ ਜਾਂ ਚਾਲ ਦਾ ਪ੍ਰਮਾਣ, ਮਰਿਆਦਾ ਨਾਲ ਚੱਲਣਾ
ਅਨੁਰੂਪ = ਨਵਾਂ ਰੂਪ

ਅਨੂਪ = ਅਦਭੁੱਤ, ਹੈਰਾਨਕੁੰਨ

ਅਨੂਪ ਸਰੂਪ = ਰੱਬੀ ਭਗਤ
ਅਨੂਪ ਕਿਰਨ = ਰੱਬੀ ਜੋਤਿ
ਅਨੂਪ ਗਿਆਨ = ਬ੍ਰਹਮ ਗਿਆਨ
ਅਨੂਪਗੀਤ = ਰੱਬੀ ਭਜਨ
ਅਨੂਪਚੀਤ = ਰੱਬੀ ਯਾਦ
ਅਨੂਪਚੇਤ = ਰੱਬੀ ਯਾਦ
ਅਨੂਪਜੰਤ = ਰੱਬੀ ਭਗਤ
ਅਨੂਪਜਾਪ = ਰੱਬੀ ਯਾਦ
ਅਨੂਪਜੀਤ = ਮਹਾਨ ਫ਼ਤਹਿ
ਅਨੂਪਜੋਤਿ = ਸ੍ਰੇਸ਼ਟ ਵਿਅਕਤੀ
ਅਨੂਪਟੇਕ = ਮਹਾਨ ਆਸਰਾ
ਅਨੂਪਦੀਪ = ਮਹਾਨ ਜੋਤਿ
ਅਨੂਪਦੇਵ = ਮਹਾਨ ਵਿਅਕਤੀ
ਅਨੂਪਨਾਮ = ਰੱਬੀ ਨਾਂਵ
ਅਨੂਪਬੀਰ = ਅਦਭੁੱਤ ਤੇ ਬਹਾਦਰ
ਅਨੂਪਭਗਤ = ਸਿਆਣਾ ਪੁਰਖ
ਅਨੂਪਮੰਤ = ਵਾਹਿਗੁਰੂ ਦਾ ਨਾਂਵ
ਅਨੂਪਲੀਨ = ਨਾਂਵ 'ਚ ਲੀਨਤਾ
ਅਨੂਪਲੋਕ = ਸ੍ਰੇਸ਼ਟ ਵਿਅਕਤੀ

ਅਨੋਖ = ਹੈਰਾਨਕੁੰਨ, ਅਦਭੁੱਤ

[ਨੋਟ: 'ਅਨੋਖ' ਇਕੱਲਾ ਹੀ ਪੂਰਨ ਨਾਂਵ ਹੈ, ਜੇਕਰ ਕੋਈ ਹੋਰ ਜੋੜ ਇਸਦੇ ਪਿਛੇਤਰ ਲਗਾ ਕੇ ਨਵਾਂ ਨਾਂਵ ਘੜਨਾ ਚਾਹੋ ਤਾਂ ਸੰਭਵ ਹੈ, ਜੋ ਪਿਛੇਤਰ ਅਨੂਪ ਨਾਲ ਲੱਗੇ ਹਨ, ਓਹੀ ਇਸ ਨਾਲ ਲੱਗ ਸਕਦੇ ਹਨ ਤੇ ਅਰਥ ਵੀ ਓਹੀ ਹੋਣਗੇ, ਜੋ ਅਨੂਪ ਦੇ ਜੋੜ ਨਾਲ ਬਣੇ ਹਨ।]

ਅਪਾਰ = ਅਸੀਮ, ਵੱਡਾ

ਅਪਾਰਸਰੂਪ = ਮਹਾਨ ਸ਼ਖ਼ਸੀਅਤ

ਅਪਾਰ ਕਿਰਨ = ਰੱਬੀ ਜੋਤਿ
ਅਪਾਰ ਕੀਰਤ = ਰੱਬੀ ਉਪਮਾ
ਅਪਾਰ ਗਿਆਨ = ਮਹਾਨ ਗਿਆਤਾ
ਅਪਾਰਗੀਤ = ਮਹਾਨ ਗੀਤ
ਅਪਾਰਚੀਤ = ਮਹਾਨ ਯਾਦ
ਅਪਾਰਚੇਤ = ਮਹਾਨ ਯਾਦ
ਅਪਾਰ ਜਗਤ = ਮਹਾਨ ਜਗਤ
ਅਪਾਰਜੀਤ = ਮਹਾਨ ਫ਼ਤਹ
ਅਪਾਰਜੋਤਿ = ਮਹਾਨ ਜੋਤਿ
ਅਪਾਰਟੇਕ = ਰੱਬੀ ਆਸਰਾ
ਅਪਾਰਦੀਪ = ਮਹਾਨ ਜੋਤਿ
ਅਪਾਰਦੇਵ = ਮਹਾਨ ਦੇਵਤਾ
ਅਪਾਰਧਰਮ = ਵੱਡਾ ਧਰਮ
ਅਪਾਰਨਾਮ = ਰੱਬੀ ਨਾਂਵ
ਅਪਾਰਪ੍ਰੀਤ = ਸੱਚਾ ਪਿਆਰ
ਅਪਾਰਪ੍ਰੇਮ = ਸੱਚਾ ਪਿਆਰ
ਅਪਾਰਬਖ਼ਸ਼ = ਮਹਾਨ ਕਿਰਪਾ
ਅਪਾਰਬਚਨ = ਮਹਾਨ ਸਿੱਖਿਆ
ਅਪਾਰਬੀਰ = ਮਹਾਨ ਯੋਧਾ
ਅਪਾਰਬੁੱਧ = ਮਹਾਨ ਗਿਆਨ
ਅਪਾਰਬੋਧ = ਮਹਾਨ ਗਿਆਨ
ਅਪਾਰਬੇਗ = ਵੱਡਾ ਤੇ ਤੇਜ਼
ਅਪਾਰਬ੍ਰਹਮ = ਪਾਰਬ੍ਰਹਮ
ਅਪਾਰ ਭਗਤ = ਮਹਾਨ ਭਗਤ
ਅਪਾਰ ਭਾਗ = ਉੱਚੀ ਕਿਸਮਤ
ਅਪਾਰਭੂਤ = ਵੱਡਾ ਰਾਜਾ
ਅਪਾਰਮੰਤ = ਰੱਬੀ ਨਾਂਵ
ਅਪਾਰਮੀਤ = ਸੱਚਾ ਤੇ ਵੱਡਾ ਮਿੱਤਰ
ਅਪਾਰ ਮੇਹਰ = ਵੱਡੀ ਬਖ਼ਸ਼
ਅਪਾਰਲਾਜ = ਵੱਡੀ
ਅਪਾਰਲਿਵ = ਸੱਚੀ ਲੀਨਤਾ
ਅਪਾਰਲੀਨ = ਸੱਚੀ ਲੀਨਤਾ
ਅਪਾਰਲੋਕ = ਸ੍ਰੇਸ਼ਟ ਪੁਰਖ
ਅਪਾਰਵੰਤ = ਅਗੰਮੀ ਹਸਤੀ

ਅਬਚਲ = ਸਥਿਰ, ਪੱਕਾ

ਅਬਨਾਸ਼ = ਨਾਸ਼ ਰਹਿਤ, ਸਦੀਵੀ

ਅਬਨਾਸ਼ਜੀਤ = ਵਾਹਿਗੁਰੂ ਦੀ ਜਿੱਤ
ਅਬਨਾਸ਼ਜੋਤਿ = ਮਹਾਨ ਜੋਤਿ
ਅਬਨਾਸ਼ਟੇਕ = ਸਦੀਵੀ ਆਸਰਾ
ਅਬਨਾਸ਼ਪਾਲ = ਵਾਹਿਗੁਰੂ ਪਾਲਣਹਾਰਾ
ਅਬਨਾਸ਼ਪ੍ਰੀਤ = ਰੱਬੀ ਪਿਆਰ
ਅਬਨਾਸ਼ਪ੍ਰੇਮ = ਰੱਬੀ ਪਿਆਰ
ਅਬਨਾਸ਼ਬੀਰ = ਸਦੀਵੀ ਤੇ ਬਹਾਦਰ
ਅਬਨਾਸ਼ਭਗਤ = ਰੱਬੀ ਭਗਤ
ਅਬਨਾਸ਼ਮੰਤ = ਰੱਬੀ ਨਾਂਵ
ਅਬਨਾਸ਼ਮੀਤ = ਰੱਬ ਦਾ ਭਗਤ
ਅਬਨਾਸ਼ਰੂਪ = ਬ੍ਰਹਮ ਹਸਤੀ
ਅਬਨਾਸ਼ਲੀਨ = ਭਗਤੀ 'ਚ ਲੀਨ
ਅਬਨਾਸ਼ਵੰਤ = ਅਟੱਲ, ਸਦੀਵੀ
ਅਬਨੀਤ = ਨਿਤ ਨਵਾਂ, ਨੇੜੇ, ਗ੍ਰਹਿਣ ਜਾਂ ਪ੍ਰਾਪਤ ਕੀਤਾ

ਅੰਬਰ = ਆਕਾਸ਼, ਰੂਹਾਨੀ

ਅੰਬਰਏਕ = ਏਕੋ ਹੀ, ਵਾਹਿਗੁਰੂ
ਅੰਬਰਸਰੂਪ = ਮਹਾਨ ਹਸਤੀ
ਅੰਬਰਕਿਰਨ = ਮਹਾਨ ਜੋਤਿ
ਅੰਬਰਕੀਰਤ = ਰੂਹਾਨੀ ਉਪਮਾ
ਅੰਬਰਗਿਆਨ = ਬ੍ਰਹਮ ਗਿਆਨ
ਅੰਬਰਗੀਤ = ਰੂਹਾਨੀ ਉਪਮਾ
ਅੰਬਰਚੀਤ = ਰੱਬੀ ਯਾਦ
ਅੰਬਰਚੇਤ = ਰੱਬੀ ਯਾਦ
ਅੰਬਰਜੀਤ = ਮਹਾਨ ਫ਼ਤਹ
ਅੰਬਰਜੋਤਿ = ਮਹਾਨ ਜੋਤਿ
ਅੰਬਰਟੇਕ = ਰੱਬੀ ਆਸਰਾ
ਅੰਬਰਦੀਪ = ਮਹਾਨ ਜੋਤਿ
ਅੰਬਰਦੇਵ = ਮਹਾਨ ਵਿਅਕਤੀ
ਅੰਬਰਨਾਮ = ਰੱਬੀ ਨਾਂਵ
ਅੰਬਰਪਾਲ = ਸਭ ਨੂੰ ਪਾਲਣਹਾਰਾ

ਅੰਬਰਪ੍ਰੀਤ = ਰੂਹਾਨੀ ਪਿਆਰ
ਅੰਬਰਪ੍ਰੇਮ = ਰੂਹਾਨੀ ਪਿਆਰ
ਅੰਬਰਬੀਰ = ਸ੍ਰੇਸ਼ਟ ਤੇ ਬਹਾਦਰ
ਅੰਬਰਭਗਤ = ਸ੍ਰੇਸ਼ਟ ਤੇ ਬਹਾਦਰ
ਅੰਬਰਮੰਤ = ਰੱਬੀ ਨਾਂਵ
ਅੰਬਰਮੀਤ = ਰੂਹਾਨੀ ਮਿੱਤਰ
ਅੰਬਰਲੀਨ = ਬੰਦਗੀ 'ਚ ਲੀਨ
ਅੰਬਰਲੋਕ = ਮਹਾਨ ਲੋਕ
ਅੰਬਰਵੰਤ = ਰੂਹਾਨੀ ਸ਼ਖ਼ਸੀਅਤ
ਅਬਲੋਕ = ਦਰਸ਼ਨ

ਅਭੰਗ = ਨਾ ਟੁੱਟਣ ਵਾਲਾ, ਪਰਮਾਤਮਾ

[ਨੋਟ : ਕੁਝ ਹੋਰ ਪਿਛੇਤਰ ਜੋੜ ਲਗਾ ਕੇ ਨਵੇਂ ਨਾਂਵ ਘੜੇ ਜਾ ਸਕਦੇ ਹਨ; ਜਿਵੇਂ : ਅਭੰਗ ਸਰੂਪ, ਅਭੰਗਜੀਤ, ਅਭੰਗਜੋਤਿ, ਅਭੰਗਟੇਕ, ਅਭੰਗ-ਦੀਪ, ਅਭੰਗਦੇਵ, ਅਭੰਗਨਾਮ, ਅਭੰਗਪਾਲ, ਅਭੰਗਪ੍ਰਕਾਸ਼, ਅਭੰਗਪ੍ਰੀਤ, ਅਭੰਗਪ੍ਰੇਮ।]

ਅਭੇਵ = ਇਕ ਜੋ ਭਿੰਨ ਨਾ ਹੋਵੇ

ਅਭੇਵਸਰੂਪ = ਇਕ ਪਰਮਾਤਮਾ
ਅਭੇਵਜੀਤ = ਵਾਹਿਗੁਰੂ ਦੀ ਜਿੱਤ
ਅਭੇਵਜੋਤਿ = ਮਹਾਨ ਆਤਮਾ
ਅਭੇਵਟੇਕ = ਇਕ ਦਾ ਆਸਰਾ
ਅਭੇਵਨਾਮ = ਇਕ ਰੱਬ ਦਾ ਨਾਮ

ਅਭੈ = ਦਲੇਰ, ਬਹਾਦਰ

ਅਭੈਅਨੂਪ = ਅਦਭੁੱਤ ਤੇ ਬਹਾਦਰ
ਅਭੈਈਸ਼ਰ = ਵਾਹਿਗੁਰੂ ਡਰ ਤੋਂ ਰਹਿਤ
ਅਭੈਸੰਤ = ਮਹਾਨ ਭਗਤ
ਅਭੈਸਰੂਪ = ਬਹਾਦਰ
ਅਭੈਸੀਤਲ = ਸ਼ਾਂਤ ਤੇ ਦਲੇਰ
ਅਭੈਕਮਲ = ਨਿਰਲੇਪ ਤੇ ਬਹਾਦਰ
ਅਭੈਕਰਮ = ਦਲੇਰੀ ਨਾਲ ਕਰਮ ਕਰਨ ਵਾਲਾ
ਅਭੈਕੰਵਰ = ਬਹਾਦਰ ਰਾਜਾ
ਅਭੈਕੰਵਲ = ਨਿਰਲੇਪ ਤੇ ਬਹਾਦਰ
ਅਭੈਕਿਰਪਾਲ = ਦਲੇਰ ਤੇ ਦਿਆਲੂ
ਅਭੈਕੀਰਤ = ਵਾਹਿਗੁਰੂ ਦੀ ਉਸਤਤਿ ਕਰਨ ਵਾਲਾ
ਅਭੈਕੇਹਰ = ਸ਼ੇਰ ਵਰਗਾ ਦਲੇਰ
ਅਭੈਕੋਮਲ = ਨਰਮ ਤੇ ਬਹਾਦਰ
ਅਭੈਕੌਰ = ਬਹਾਦਰ ਰਾਜਾ
ਅਭੈਖੜਗ = ਤਲਵਾਰ ਦਾ ਧਨੀ
ਅਭੈਖ਼ਾਲਸਾ = ਦਲੇਰ ਖ਼ਾਲਸਾ
ਅਭੈਖੀਵਾ = ਮਸਤ ਤੇ ਬਹਾਦਰ
ਅਭੈਖੇਮ = ਆਨੰਦਤ ਤੇ ਦਲੇਰ
ਅਭੈਗਗਨ = ਸਾਫ਼ ਦਿਲ ਤੇ ਬਹਾਦਰ
ਅਭੈਗਰਜ = ਬਹਾਦਰ ਜੁੱਸੇ ਵਾਲਾ
ਅਭੈਗਿਆਨ = ਗਿਆਨਵਾਨ ਤੇ ਦਲੇਰ
ਅਭੈਗੀਤ = ਬਹਾਦਰੀ ਦਾ ਗੀਤ
ਅਭੈਗੋਪਾਲ = ਵਾਹਿਗੁਰੂ ਡਰ ਤੋਂ ਰਹਿਤ
ਅਭੈਗੋਬਿੰਦ = ਵਾਹਿਗੁਰੂ ਡਰ ਤੋਂ ਰਹਿਤ
ਅਭੈਚੰਚਲ = ਬਹਾਦਰ ਤੇ ਹੁਸ਼ਿਆਰ
ਅਭੈਚੰਦ = ਸੁੰਦਰ ਤੇ ਬਹਾਦਰ
ਅਭੈਚਮਨ = ਫੁੱਲਾਂ ਵਾਂਗ ਸੁੰਦਰ ਤੇ ਬਹਾਦਰ
ਅਭੈਚਰਨ = ਬਹਾਦਰ ਤੇ ਨਾਮੀ
ਅਭੈਚੇਤ = ਨਾਮ ਜਪਣ ਵਾਲਾ ਸੂਰਮਾ
ਅਭੈਜਸ = ਬਹਾਦਰ ਤੇ ਜਸ ਕਰਨ ਵਾਲਾ
ਅਭੈਜੰਗ = ਯੁੱਧ ਵਿਚ ਬਹਾਦਰ
ਅਭੈਜਗਤ = ਸੰਸਾਰ 'ਚ ਬਹਾਦਰ
ਅਭੈਜਾਪ = ਰੱਬ ਦਾ ਜਾਪ ਕਰਨ ਵਾਲਾ
ਅਭੈਜੀਤ = ਬਹਾਦਰੀ ਨਾਲ ਜਿੱਤਣ ਵਾਲਾ
ਅਭੈਜੋਤਿ = ਬਹਾਦਰ ਹਸਤੀ
ਅਭੈਜੋਧ = ਬਹਾਦਰ ਯੋਧਾ
ਅਭੈਟਹਿਕ = ਬਹਾਦਰ ਤੇ ਪ੍ਰਸੰਨ
ਅਭੈਟੇਕ = ਰੱਬੀ ਆਸਰਾ ਤੱਕਣ ਵਾਲਾ
ਅਭੈਤੀਰਥ = ਰੱਬ ਦਾ ਨਾਂਵ ਹੀ ਤੀਰਥ ਹੈ
ਅਭੈਤੇਗ = ਤੇਗ ਦਾ ਧਨੀ
ਅਭੈਤੇਜ਼ = ਬਹਾਦਰ ਤੇ ਚੁਸਤ
ਅਭੈਦਿਆਲ = ਕਿਰਪਾਲੂ ਤੇ ਬਹਾਦਰ
ਅਭੈਦੀਨ = ਨਿਮਰਤਾ ਵਾਲਾ ਤੇ ਦਲੇਰ

ਅਭੈਦੀਪ = ਬਹਾਦਰੀ ਦਾ ਪ੍ਰਤੀਕ
ਅਭੈਦੇਵ = ਬਹਾਦਰੀ ਦਾ ਪ੍ਰਤੀਕ
ਅਭੈਧਰਮ = ਧਰਮ ਵਿਚ ਦ੍ਰਿੜ੍ਹ
ਅਭੈਧਿਆਨ = ਲੀਨਤਾ ਵਿਚ ਦ੍ਰਿੜ੍ਹਤਾ
ਅਭੈਨਸੀਬ = ਬਹਾਦਰ ਤੇ ਕਿਸਮਤ ਵਾਲਾ
ਅਭੈਨਰ = ਬਹਾਦਰ ਵਿਅਕਤੀ
ਅਭੈਨਰੈਣ = ਵਾਹਿਗੁਰੂ ਡਰ ਰਹਿਤ ਹੈ
ਅਭੈਨਾਮ = ਨਾਮ ਜਪਣ ਵਾਲਾ ਤੇ ਦਲੇਰ
ਅਭੈਨਿਹਚਲ = ਬਹਾਦਰ ਤੇ ਸਥਿਰ
ਅਭੈਨਿਰਮਲ = ਸਾਫ਼ ਤੇ ਬਹਾਦਰ
ਅਭੈਨੂਰ = ਬਹਾਦਰ ਜੋਤਿ
ਅਭੈਨੇਕ = ਸਾਊ ਤੇ ਬਹਾਦਰ
ਅਭੈਪਾਲ = ਪਾਲਣਹਾਰਾ ਨਿਰਭਉ ਹੈ
ਅਭੈਪ੍ਰਕਾਸ਼ = ਬਹਾਦਰੀ ਦਾ ਪ੍ਰਤੀਕ
ਅਭੈਪ੍ਰੀਤ = ਸੱਚਾ ਪਿਆਰ
ਅਭੈਪ੍ਰੇਮ = ਸੱਚਾ ਪਿਆਰ
ਅਭੈਫ਼ਤਹ = ਮਹਾਨ ਜਿੱਤ
ਅਭੈਬਖ਼ਸ਼ = ਰੱਬੀ ਮਿਹਰ
ਅਭੈਬਲ = ਤਾਕਤਵਰ ਤੇ ਦਲੇਰ
ਅਭੈਬੀਰ = ਬਹਾਦਰ
ਅਭੈਬੇਅੰਤ = ਵਾਹਿਗੁਰੂ ਨਿਡਰ ਹੈ
ਅਭੈਭਗਤ = ਬਹਾਦਰ ਭਗਤ
ਅਭੈਭੂਪ = ਬਹਾਦਰ ਰਾਜਾ
ਅਭੈਮਸਤ = ਬਹਾਦਰ ਤੇ ਮਤਵਾਲਾ
ਅਭੈਮਹੀਪ = ਬਹਾਦਰ ਰਾਜਾ
ਅਭੈਮਾਨ = ਦ੍ਰਿੜ੍ਹ ਇਰਾਦੇ ਵਾਲਾ
ਅਭੈਮੋਹਣ = ਸੁੰਦਰ ਤੇ ਬਹਾਦਰ
ਅਭੈਰਣ = ਰਣ ਵਿਚ ਜੋਧਾ
ਅਭੈਰਤਨ = ਬਹਾਦਰ ਹੀਰਾ
ਅਭੈਰਾਜ = ਨਿਡਰ ਰਾਜ
ਅਭੈਰੂਪ = ਬਹਾਦਰ ਹੀਰਾ
ਅਭੈਲੀਨ = ਲੀਨਤਾ ਵਿਚ ਮਸਤ
ਅਭੈਲੋਕ = ਬਹਾਦਰ
ਅਭੈਵੰਤ = ਬਹਾਦਰ

ਅਭੀਤ = ਨਿਡਰ, ਦਲੇਰ

[ਨੋਟ : 'ਅਭੀਤ' ਦੇ ਨਾਲ ਓਹੀ ਸਾਰੇ ਪਿਛੇਤਰ ਜੋ 'ਅਭੈ' ਨਾਲ ਲਾਏ ਹਨ, ਲਗਾਏ ਜਾ ਸਕਦੇ ਹਨ ਅਤੇ ਅਰਥ ਵੀ ਓਹੀ ਰਹਿਣਗੇ।]

ਅਮਨ = ਸ਼ਾਂਤੀ, ਚੁੱਪ-ਚਾਪ

ਅਮਨਈਸ਼ਰ = ਵਾਹਿਗੁਰੂ ਸ਼ਾਂਤੀ ਦਾ ਪ੍ਰਤੀਕ ਹੈ
ਅਮਨਸੰਤ = ਸ਼ਾਂਤੀ ਦਾ ਮਸੀਹਾ
ਅਮਨਸਰੂਪ = ਸ਼ਾਂਤੀ ਦਾ ਪੁੰਜ
ਅਮਨਕਰਮ = ਸ਼ਾਂਤੀ ਦਾ ਜਤਨ
ਅਮਨਕੰਵਲ = ਸ਼ਾਂਤੀ ਦਾ ਪ੍ਰਤੀਕ
ਅਮਨਕਿਰਨ = ਸ਼ਾਂਤੀ ਦੀ ਜੋਤਿ
ਅਮਨਕਿਰਪਾਲ = ਸ਼ਾਂਤੀ ਲਈ ਦਿਆਲੂ
ਅਮਨਕੀਰਤ = ਸ਼ਾਂਤੀ ਦਾ ਗੀਤ
ਅਮਨਕੇਹਰ = ਸ਼ਾਂਤੀ ਲਈ ਦਲੇਰੀ ਕਦਮ
ਅਮਨਖੜਗ = ਸ਼ਾਂਤੀ ਦਾ ਪ੍ਰਤੀਕ
ਅਮਨਖੇਮ = ਸ਼ਾਂਤੀ ਅੰਦਰ ਖ਼ੁਸ਼
ਅਮਨਗਰਜ = ਸ਼ਾਂਤੀ ਲਈ ਆਵਾਜ਼ ਬੁਲੰਦ ਕਰਨੀ
ਅਮਨਗਿਆਨ = ਸ਼ਾਂਤੀ ਲਈ ਗਿਆਨ ਦਾ ਮਹੱਤਵ
ਅਮਨਗੀਤ = ਸ਼ਾਂਤੀ ਦਾ ਗੀਤ
ਅਮਨਗੋਪਾਲ = ਵਾਹਿਗੁਰੂ ਦਾ ਮਾਰਗ ਅਮਨ ਹੈ
ਅਮਨਚੇਤ = ਸ਼ਾਂਤੀ ਦਾ ਚਾਹਵਾਨ
ਅਮਨਚੈਨ = ਸ਼ਾਂਤੀ ਦਾ ਵਾਤਾਵਰਣ
ਅਮਨਜਸ = ਸ਼ਾਂਤੀ ਲਈ ਚਾਹਵਾਨ
ਅਮਨਜੰਗ = ਸ਼ਾਂਤੀ ਲਈ ਘੋਲ
ਅਮਨਜਗਤ = ਸੰਸਾਰ ਵਿਚ ਸ਼ਾਂਤੀ
ਅਮਨਜਾਪ = ਸ਼ਾਂਤੀ ਲਈ ਘੋਲ
ਅਮਨਜੀਤ = ਸ਼ਾਂਤੀ ਮਾਰਗ ਦੀ ਜਿੱਤ
ਅਮਨਜੋਤਿ = ਸ਼ਾਂਤੀ ਦਾ ਪ੍ਰਤੀਕ
ਅਮਨਟੇਕ = ਸ਼ਾਂਤੀ ਦਾ ਆਸਰਾ
ਅਮਨਤਖ਼ਤ = ਸ਼ਾਂਤੀ ਵਾਲਾ ਰਾਜ
ਅਮਨਤੇਗ = ਸ਼ਾਂਤੀ ਲਈ ਆਖ਼ਰੀ ਜਤਨ

ਅਮਨਤੇਜ = ਸ਼ਾਂਤੀ ਦਾ ਚਿਰਾਗ
ਅਮਨਦਲੇਰ = ਸ਼ਾਂਤੀ ਲਈ ਸੂਰਮਾ
ਅਮਨਦਿਆਲ = ਸ਼ਾਂਤੀ ਲਈ ਕਿਰਪਾਲੂ
ਅਮਨਦੀਨ = ਸ਼ਾਂਤੀ ਦਾ ਧਰਮ
ਅਮਨਦੀਪ = ਸ਼ਾਂਤੀ ਦਾ ਪ੍ਰਤੀਕ
ਅਮਨਦੇਵ = ਸ਼ਾਂਤੀ ਦਾ ਦੇਵਤਾ
ਅਮਨਧਰਮ = ਧਰਮ ਸ਼ਾਂਤੀ ਦਾ ਪ੍ਰਤੀਕ
ਅਮਨ ਧਿਆਨ = ਸ਼ਾਂਤੀ 'ਚ ਬੰਦਗੀ
ਅਮਨਪਾਲ = ਸ਼ਾਂਤੀ ਦਾ ਪਾਲਣਹਾਰਾ
ਅਮਨਪ੍ਰਤੀਤ = ਸ਼ਾਂਤੀ 'ਚ ਵਿਸ਼ਵਾਸ
ਅਮਨਪ੍ਰੀਤ = ਸ਼ਾਂਤੀ ਲਈ ਚਾਹਵਾਨ
ਅਮਨਪ੍ਰੇਮ = ਸ਼ਾਂਤੀ ਲਈ ਚਾਹਵਾਨ
ਅਮਨਫ਼ਤਹ = ਸ਼ਾਂਤੀ ਦੀ ਜਿੱਤ
ਅਮਨਫ਼ੌਜ = ਸ਼ਾਂਤੀ ਲਈ ਫ਼ੌਜ
ਅਮਨਬਹਾਦਰ = ਸ਼ਾਂਤੀ ਲਈ ਜੂਝਣਵਾਲਾ
ਅਮਨਬਖ਼ਸ਼ = ਸ਼ਾਂਤੀ ਦੀ ਮਿਹਰ
ਅਮਨਬਲ = ਸ਼ਾਂਤੀ ਲਈ ਸੂਰਮਾ
ਅਮਨਬੀਰ = ਸ਼ਾਂਤੀ ਲਈ ਲੜਨ ਵਾਲਾ
ਅਮਨਬੁਲੰਦ = ਅਮਨ ਲਈ ਜੁਝਾਰੂ
ਅਮਨਭਗਤ = ਸ਼ਾਂਤੀ ਲਈ ਲੜਨ ਵਾਲਾ
ਅਮਨਭੂਪ = ਸ਼ਾਂਤ ਸਰੂਪ ਰਾਜਾ
ਅਮਨਮਹੀਪ = ਸ਼ਾਂਤ ਸਰੂਪ ਰਾਜਾ
ਅਮਨਰੂਪ = ਸ਼ਾਂਤੀ ਦਾ ਪੁੰਜ
ਅਮਨਲੀਨ = ਸ਼ਾਂਤੀ ਦਾ ਪੁੰਜ
ਅਮਨਲੋਕ = ਸ਼ਾਂਤੀ ਦਾ ਪੁੰਜ
ਅਮਨਵੰਤ = ਸ਼ਾਂਤੀ ਦਾ ਪੁੰਜ
ਅਮਨਵੀਰ = ਸ਼ਾਂਤੀ ਦਾ ਪੁੰਜ
ਅਮਨੀਤ = ਨਿੱਤ ਹੀ ਬਹਾਦਰ ਜਾਂ ਤਾਕਤ ਵਾਲਾ

ਅਮਰ = ਸਦੀਵੀ, ਅਟੱਲ

ਅਮਰਇੰਦਰ = ਇੰਦਰ ਅਮਰ ਹੈ, ਵਾਹਿਗੁਰੂ ਅਟੱਲ ਹੈ।
ਅਮਰਸੰਤ = ਮਹਾਨ ਲੋਕ ਅਮਰ ਹਨ
ਅਮਰਸਰੂਪ = ਸਦੀਵੀ ਰਹਿਣ ਵਾਲਾ
ਅਮਰਸ਼ੇਰ = ਅਟੱਲ ਤੇ ਬਹਾਦਰ
ਅਮਰਹਜ਼ੂਰ = ਵਾਹਿਗੁਰੂ ਅਟੱਲ ਹੈ
ਅਮਰਕਰਮ = ਅਟੱਲ ਕਾਰਜ
ਅਮਰਕਿਰਨ = ਅਟੱਲ ਜੋਤਿ
ਅਮਰਕੀਰਤ = ਮਹਾਨ ਜੱਸ
ਅਮਰ ਖ਼ਾਲਸਾ = ਖ਼ਾਲਸਾ ਅਟੱਲ ਹੈ
ਅਮਰਗਰਜ = ਸਦੀਵੀ ਬੋਲ
ਅਮਰਗਿਆਨ = ਗ਼ੈਬੀ ਗਿਆਨ
ਅਮਰਗੀਤ = ਸਦੀਵੀ ਬੋਲ
ਅਮਰਚਰਨ = ਅਟੱਲ ਨਾਮ
ਅਮਰਚੀਤ = ਸਦੀਵੀ ਯਾਦ
ਅਮਰਚੇਤ = ਸਦੀਵੀ ਯਾਦ
ਅਮਰਜਸ = ਸਦੀਵੀ ਉਪਮਾ
ਅਮਰਜਗਤ = ਸੰਸਾਰ ਵਿਚ ਅਮਰ
ਅਮਰਜੰਤ = ਅਟੱਲ ਹਸਤੀ
ਅਮਰਜਾਪ = ਰੱਬੀ ਨਾਂਵ
ਅਮਰਜੀਤ = ਮੌਤ 'ਤੇ ਕਾਬੂ ਪਾਉਣ ਵਾਲਾ
ਅਮਰਜੋਗ = ਰੱਬੀ ਨਾਂਵ
ਅਮਰਜੋਤਿ = ਸਦੀਵੀ ਜੋਤਿ
ਅਮਰਟੇਕ = ਵਾਹਿਗੁਰੂ ਦਾ ਆਸਰਾ
ਅਮਰਠਾਕਰ = ਵਾਹਿਗੁਰੂ ਅਟੱਲ ਹੈ
ਅਮਰਤਖ਼ਤ = ਸਦੀਵੀ ਸਿੰਘਾਸਨ
ਅਮਰਤੇਗ = ਸਦੀਵੀ ਤਾਕਤ
ਅਮਰਤੇਜ = ਅਟੱਲ ਤੇ ਚੁਸਤ
ਅਮਰਦਰਸ਼ = ਵਾਹਿਗੁਰੂ ਦਾ ਦਰਸ਼ਨ
ਅਮਰਦੀਸ਼ = ਵਾਹਿਗੁਰੂ ਅਟੱਲ ਹੈ
ਅਮਰਦੀਪ = ਅਟੱਲ ਜੋਤਿ
ਅਮਰਦੇਵ = ਅਟੱਲ ਜੋਤਿ
ਅਮਰਧਰਮ = ਸੱਚਾ ਧਰਮ
ਅਮਰਧਾਮ = ਅਟੱਲ ਅਸਥਾਨ
ਅਮਰ ਨਸੀਬ = ਸੱਚੇ ਭਾਗ
ਅਮਰਨੰਦ = ਸਦੀਵੀ ਅਨੰਦ ਜਾਂ ਖ਼ੁਸ਼ੀ
ਅਮਰ ਨਰੈਣ = ਵਾਹਿਗੁਰੂ ਅੰਟੱਲ ਹੈ

ਅਮਰਨਾਮ = ਰੱਬੀ ਨਾਂਵ ਅਟੱਲ ਹੈ
ਅਮਰਨੂਰ = ਅਟੱਲ ਜੋਤਿ
ਅਮਰਨੇਕ = ਨੇਕੀ ਸਦਾ ਅਟੱਲ ਹੈ
ਅਮਰਪਤ = ਸਦੀਵੀ ਇੱਜ਼ਤ ਵਾਲਾ, ਵਿਸ਼ਨੂੰ ਦਾ ਇਕ ਨਾਂਵ
ਅਮਰਪਾਲ = ਪਾਲਣਹਾਰਾ ਸਦੀਵੀ ਹੈ
ਅਮਰ ਪਿਆਰ = ਸਦੀਵੀ ਪਿਆਰ
ਅਮਰ ਪ੍ਰਕਾਸ਼ = ਸਦੀਵੀ ਜੋਤਿ, ਰੱਬੀ ਜੋਤਿ
ਅਮਰਪ੍ਰੀਤ = ਸਦੀਵੀ ਪਿਆਰ
ਅਮਰਪ੍ਰੇਮ = ਸਦੀਵੀ ਪਿਆਰ
ਅਮਰ ਫ਼ਤਹ = ਸਦੀਵੀ ਜਿੱਤ
ਅਮਰਬਖ਼ਸ਼ = ਵਾਹਿਗੁਰੂ ਦੀ ਕਿਰਪਾ
ਅਮਰਬਲ = ਸਦੀਵੀ ਤਾਕਤ
ਅਮਰਬੀਰ = ਸਦੀਵੀ ਬਹਾਦਰ
ਅਮਰਬੇਅੰਤ = ਵਾਹਿਗੁਰੂ ਅਗਮ ਹੈ
ਅਮਰਬ੍ਰਹਮ = ਵਾਹਿਗੁਰੂ ਅਮਰ ਹੈ
ਅਮਰਭਗਤ = ਸਦੀਵੀ ਭਗਤ
ਅਮਰਭੂਪ = ਵਾਹਿਗੁਰੂ ਅਟੱਲ ਹੈ
ਅਮਰਮਹਿਕ = ਸਦੀਵੀ ਖ਼ੁਸ਼ਬੂ
ਅਮਰਮਹੀਪ = ਵਾਹਿਗੁਰੂ
ਅਮਰਮਹੇਸ਼ = ਵਾਹਿਗੁਰੂ
ਅਮਰਮੰਤ = ਰੱਬੀ ਨਾਂਵ
ਅਮਰਮਾਨ = ਸਦੀਵੀ ਇੱਜ਼ਤ
ਅਮਰਮੀਤ = ਸਦੀਵੀ ਮਿੱਤਰ
ਅਮਰਮੇਲ = ਰੱਬ ਨਾਲ ਅਭੇਦ
ਅਮਰਰੰਗ = ਰੱਬੀ ਨਾਂਵ ਦਾ ਰੰਗ
ਅਮਰਰੂਪ = ਸਦੀਵੀ ਰੂਪ
ਅਮਰਲਾਜ = ਸਦੀਵੀ ਇੱਜ਼ਤ
ਅਮਰਲਾਲ = ਸਦੀਵੀ ਹੀਰਾ
ਅਮਰਲਿਵ = ਰੱਬ ਦੀ ਬੰਦਗੀ ਕਰਨ ਵਾਲਾ
ਅਮਰਲੀਨ = ਰੱਬ ਦੀ ਬੰਦਗੀ ਕਰਨ ਵਾਲਾ
ਅਮਰਲੋਚ = ਅਟੱਲ ਰਹਿਣ ਦੀ ਲੋਚਾ
ਅਮਰਵੰਤ = ਸਦੀਵੀ ਤੇ ਅਟੱਲ
ਅਮਰਵੀਰ = ਸਦਾ ਸੂਰਬੀਰ

ਅਮਰੀਕ = ਇਹ ਰਾਜੇ ਦੇ ਨਾਂਵ ਅੰਬਰੀਕ ਤੋਂ ਬਦਲਿਆ ਰੂਪ ਹੈ
ਅਮਰੇਸ਼ = ਵੱਡਾ, ਇੰਦਰ ਦਾ ਨਾਂਵ
ਅਮਰੇਸ਼ਵਰ = ਵੱਡਾ, ਇੰਦਰ ਦਾ ਨਾਂਵ
ਅਮਲੀਕ = ਕੀਮਤੀ ਵਸਤੂ
ਅਮਿਤ = ਨਾ ਮਰਣ ਵਾਲਾ, ਬੇਅੰਤ, ਅੰਦਾਜ਼ੇ ਤੋਂ ਬਾਹਰ
ਅਮਿਤਾਭ = ਚਮਕ-ਦਮਕ ਵਾਲਾ
ਅਮਿਤੋਜ = ਜਿਸਦੀ ਕੋਈ ਹੱਦ ਨਹੀਂ
ਅਮੀਕ = ਡੂੰਘਾ, ਅਥਾਹ
ਅਮੀਨ = ਸੰਸਾਰੀ ਸੱਚ
ਅਮੀਰ = ਦੌਲਤਵੰਤ, ਹਾਕਮ
[ਨੋਟ : ਪੰਜਾਬੀ ਵਿਚ 'ਮੀਰੀ' ਸ਼ਬਦ 'ਅਮੀਰ' ਦਾ ਬਦਲਿਆ ਰੂਪ ਹੈ।]

ਅਮੋਲ = ਬਹੁਤ ਕੀਮਤੀ, ਅਨਮੋਲ
ਅਮੋਲਸਰੂਪ = ਸ੍ਰੇਸ਼ਟ ਪੁਰਖ
ਅਮੋਲਸ਼ਾਨ = ਚੜ੍ਹਦੀ ਕਲਾ ਵਾਲਾ
ਅਮੋਲਕਮਲ = ਸ੍ਰੇਸ਼ਟ ਵਿਅਕਤੀ
ਅਮੋਲਕਿਰਨ = ਮਹਾਨ ਜੋਤਿ
ਅਮੋਲਗੀਤ = ਪਵਿੱਤਰ ਗੀਤ
ਅਮੋਲਚੀਤ = ਰੱਬੀ ਯਾਦ
ਅਮੋਲਚੇਤ = ਰੱਬੀ ਯਾਦ
ਅਮੋਲਜਸ = ਰੱਬੀ ਮਹਿਮਾ
ਅਮੋਲਜਗਤ = ਮਹਾਨ ਜਗਤ
ਅਮੋਲਜਾਪ = ਰੱਬੀ ਨਾਂਵ
ਅਮੋਲਜੀਤ = ਸ੍ਰੇਸ਼ਟ ਵਿਅਕਤੀ ਦੀ ਜਿੱਤ
ਅਮੋਲਜੋਤਿ = ਸ੍ਰੇਸ਼ਟ ਆਤਮਾ
ਅਮੋਲਟੇਕ = ਰੱਬੀ ਆਸਰਾ
ਅਮੋਲਤਖ਼ਤ = ਮਹਾਨ ਸਿੰਘਾਸਨ
ਅਮੋਲਤੇਗ = ਮਹਾਨ ਤੇ ਤਾਕਤਵਰ
ਅਮੋਲਦੀਪ = ਮਹਾਨ ਚਿਰਾਗ
ਅਮੋਲਦੇਵ = ਸ੍ਰੇਸ਼ਟ ਵਿਅਕਤੀ
ਅਮੋਲ ਨਰੈਣ = ਵਾਹਿਗੁਰੂ ਮਹਾਨ ਹੈ

ਅਮੋਲਨਾਮ = ਨਾਮ ਮਹਾਨ ਹੈ
ਅਮੋਲਪ੍ਰਕਾਸ਼ = ਮਹਾਨ ਜੋਤਿ
ਅਮੋਲਪ੍ਰੀਤ = ਸੱਚਾ ਪਿਆਰ
ਅਮੋਲਪ੍ਰੇਮ = ਸੱਚਾ ਪਿਆਰ
ਅਮੋਲਬਖ਼ਸ਼ = ਮਹਾਨ ਕਿਰਪਾ
ਅਮੋਲਬਚਨ = ਮਹਾਨ ਸੰਦੇਸ਼
ਅਮੋਲਬੀਰ = ਸ੍ਰੇਸ਼ਟ ਤੇ ਬਹਾਦਰ
ਅਮੋਲਭਗਤ = ਸ੍ਰੇਸ਼ਟ ਪੁਰਖ
ਅਮੋਲਭੂਪ = ਮਹਾਨ ਰਾਜਾ
ਅਮੋਲਮਹੀਪ = ਮਹਾਨ ਰਾਜਾ
ਅਮੋਲਰੂਪ = ਸ੍ਰੇਸ਼ਟ ਤੇ ਸੁੰਦਰ
ਅਮੋਲਲਾਜ = ਮਹਾਨ ਇੱਜ਼ਤ
ਅਮੋਲਵੀਰ = ਸ੍ਰੇਸ਼ਟ ਤੇ ਬਹਾਦਰ

ਅਮੋਲਕ = ਦੇਖੋ 'ਅਮੋਲ'

[*ਨੋਟ :* 'ਅਮੋਲਕ' ਵੀ ਸੁੰਦਰ ਨਾਂਵ ਹੈ ਅਤੇ ਅਮੋਲ ਵਾਂਗੂ ਹੋਰ ਪਿਛੇਤਰ ਲਗਾ ਕੇ ਹੋਰ ਨਾਂਵ ਘੜੇ ਜਾ ਸਕਦੇ ਹਨ।]

ਅੰਮ੍ਰਿਤ = ਜੀਵਨ ਜਲ, ਰੱਬੀ ਨਾਂਵ

ਅੰਮ੍ਰਿਤ ਈਸ਼ਰ = ਰੱਬੀ ਨਾਂਵ
ਅੰਮ੍ਰਿਤ ਏਕ = ਰੱਬ ਦਾ ਨਾਂਵ ਇਕ ਹੈ
ਅੰਮ੍ਰਿਤ ਸਰੂਪ = ਸ੍ਰੇਸ਼ਟ ਵਿਅਕਤੀ
ਅੰਮ੍ਰਿਤਸ਼ੇਰ = ਰੱਬੀ ਨਾਂਵ ਨਾਲ ਨਿਰਭੈ
ਅੰਮ੍ਰਿਤਕਮਲ = ਸ੍ਰੇਸ਼ਟ ਤੇ ਨਿਰਲੇਪ
ਅੰਮ੍ਰਿਤਕਰਮ = ਸ੍ਰੇਸ਼ਟ ਕੰਮ
ਅੰਮ੍ਰਿਤਕਿਰਨ = ਰੱਬੀ ਜੋਤਿ
ਅੰਮ੍ਰਿਤਕੀਰਤ = ਰੱਬੀ ਜੱਸ
ਅੰਮ੍ਰਿਤਕੇਹਰ = ਦੇਖੋ 'ਅੰਮ੍ਰਿਤਸ਼ੇਰ'
ਅੰਮ੍ਰਿਤਖੇਮ = ਰੱਬੀ ਨਾਂਵ 'ਚ ਖੇੜਾ
ਅੰਮ੍ਰਿਤਗਰਜ = ਮਹਾਨ ਸੰਦੇਸ਼
ਅੰਮ੍ਰਿਤ ਗਿਆਨ = ਰੱਬੀ ਗਿਆਨ
ਅੰਮ੍ਰਿਤਗੀਤ = ਰੱਬੀ ਭਜਨ
ਅੰਮ੍ਰਿਤਗੋਬਿੰਦ = ਰੱਬੀ ਨਾਂਵ
ਅੰਮ੍ਰਿਤ ਚਮਨ = ਵਿਸ਼ੇਸ਼ ਪਰਮਾਰਥ ਦਾ ਮਾਰਗ
ਅੰਮ੍ਰਿਤ ਚਰਨ = ਵਿਸ਼ੇਸ਼ ਪਰਮਾਰਥ ਦਾ ਮਾਰਗ
ਅੰਮ੍ਰਿਤਚੀਤ = ਰੱਬੀ ਯਾਦ
ਅੰਮ੍ਰਿਤਚੇਤ = ਰੱਬੀ ਯਾਦ
ਅੰਮ੍ਰਿਤਜਸ = ਰੱਬੀ ਮਹਿਮਾ
ਅੰਮ੍ਰਿਤਜਗਤ = ਸੁੰਦਰ ਸਥਾਨ
ਅੰਮ੍ਰਿਤਜਾਪ = ਰੱਬੀ ਮਹਿਮਾ
ਅੰਮ੍ਰਿਤਜੀਤ = ਰੱਬੀ ਨਾਂਵ ਦੀ ਫ਼ਤਹ
ਅੰਮ੍ਰਿਤਜੋਤਿ = ਰੱਬੀ ਜੋਤਿ
ਅੰਮ੍ਰਿਤਟਹਕ = ਰੱਬੀ ਖ਼ੁਸ਼ੀ
ਅੰਮ੍ਰਿਤਟੇਕ = ਰੱਬੀ ਆਸਰਾ
ਅੰਮ੍ਰਿਤ ਤੇਗ = ਨਾਂਵ ਦਾ ਖੜਗ
ਅੰਮ੍ਰਿਤ ਦਰਸ਼ = ਰੱਬੀ ਨਾਂਵ ਦਾ ਅਨੁਭਵ
ਅੰਮ੍ਰਿਤਦੀਪ = ਰੂਹਾਨੀ ਨਾਂਵ ਦਾ ਪ੍ਰਤੀਕ
ਅੰਮ੍ਰਿਤ ਧਰਮ = ਨਾਮ ਦਾ ਧਰਮ
ਅੰਮ੍ਰਿਤ ਨਰੈਣ = ਰੱਬੀ ਨਾਂਵ
ਅੰਮ੍ਰਿਤ ਨਾਮ = ਰੱਬੀ ਨਾਂਵ
ਅੰਮ੍ਰਿਤਨੇਕ = ਸ੍ਰੇਸ਼ਟ ਪੁਰਖ
ਅੰਮ੍ਰਿਤਪਾਲ = ਵਾਹਿਗੁਰੂ
ਅੰਮ੍ਰਿਤ ਪਿਆਰ = ਨਾਂਵ ਨਾਲ ਪਿਆਰ
ਅੰਮ੍ਰਿਤਪ੍ਰੀਤ = ਨਾਂਵ ਨਾਲ ਪਿਆਰ
ਅੰਮ੍ਰਿਤਪ੍ਰੇਮ = ਨਾਂਵ ਨਾਲ ਪਿਆਰ
ਅੰਮ੍ਰਿਤ ਫ਼ਤਹ = ਨਾਂਵ ਦੀ ਜਿੱਤ
ਅੰਮ੍ਰਿਤਬਖ਼ਸ਼ = ਰੱਬੀ ਨਾਂਵ ਦੀ ਬਖ਼ਸ਼ਸ਼
ਅੰਮ੍ਰਿਤਬਚਨ = ਰੱਬੀ ਉਪਦੇਸ਼
ਅੰਮ੍ਰਿਤਬੀਰ = ਧਰਮੀ ਤੇ ਬਹਾਦਰ
ਅੰਮ੍ਰਿਤ ਬੇਅੰਤ = ਨਾਮ ਦੀ ਮਹਿਮਾ ਅਥਾਹ
ਅੰਮ੍ਰਿਤ ਭਗਤ = ਰੱਬ ਦਾ ਭਗਤ
ਅੰਮ੍ਰਿਤਭੂਪ = ਵਾਹਿਗੁਰੂ
ਅੰਮ੍ਰਿਤ ਮਹਿਮਾ = ਵਾਹਿਗੁਰੂ ਦੀ ਵਡਿਆਈ
ਅੰਮ੍ਰਿਤਮੰਤ = ਰੱਬੀ ਨਾਂਵ
ਅੰਮ੍ਰਿਤਰਾਜ = ਨਾਂਵ ਦਾ ਬੋਲਬਾਲਾ
ਅੰਮ੍ਰਿਤਰੂਪ = ਸ੍ਰੇਸ਼ਟ ਪੁਰਖ
ਅੰਮ੍ਰਿਤਲਾਜ = ਨਾਂਵ ਦੀ ਲਾਜ

ਅੰਮ੍ਰਿਤਲਿਵ = ਨਾਂਵ ਦੀ ਲਿਵ
ਅੰਮ੍ਰਿਤਲੀਨ = ਨਾਂਵ ਦੀ ਲਿਵ
ਅੰਮ੍ਰਿਤਵੰਤ = ਸ੍ਰੇਸ਼ਟ ਪੁਰਖ

ਅਰਸ਼ = ਗਗਨ, ਰੱਬ ਦਾ ਘਰ ਸਵਰਗ, ਰੂਹਾਨੀ

ਅਰਸ਼ਉਤਮ = ਸ੍ਰੇਸ਼ਟ ਪੁਰਖ
ਅਰਸ਼ਓਂਕਾਰ = ਰੱਬ ਇਕ ਹੈ
ਅਰਸ਼ਅਕਾਲ = ਵਾਹਿਗੁਰੂ ਕਾਲ ਰਹਿਤ
ਅਰਸ਼ਅਗਮ = ਵਾਹਿਗੁਰੂ ਅਥਾਹ ਹੈ
ਅਰਸ਼ਅਨੰਤ = ਵਾਹਿਗੁਰੂ ਅਥਾਹ ਹੈ
ਅਰਸ਼ਅਨੰਦ = ਰੂਹਾਨੀ ਅਨੰਦ
ਅਰਸ਼ਅਭੈ = ਵਾਹਿਗੁਰੂ ਡਰ ਰਹਿਤ
ਅਰਸ਼ਅਮਰ = ਵਾਹਿਗੁਰੂ ਅਟੱਲ ਹੈ
ਅਰਸ਼ ਅਮੋਲ = ਰੂਹਾਨੀਅਤ ਮਹਾਨ ਹੈ
ਅਰਸ਼ਇੰਦਰ = ਰੱਬੀ ਹਸਤੀ
ਅਰਸ਼ਈਸ਼ਰ = ਪਰਮਾਤਮਾ
ਅਰਸ਼ਏਕ = ਪਰਮਾਤਮਾ ਇਕ ਹੈ
ਅਰਸ਼ਕਮਲ = ਨਿਰਲੇਪ ਤੇ ਸ੍ਰੇਸ਼ਟ
ਅਰਸ਼ਕਰਮ = ਮਹਾਨ ਕਾਰਜ
ਅਰਸ਼ਕਿਰਨ = ਗਗਨ ਜੋਤਿ
ਅਰਸ਼ਕੀਰਤ = ਰੱਬੀ ਜੱਸ
ਅਰਸ਼ਖੜਗ = ਰੱਬੀ ਸ਼ਕਤੀ
ਅਰਸ਼ ਗਰਜ = ਰੱਬੀ ਬੋਲ
ਅਰਸ਼ਗਿਆਨ = ਰੱਬੀ ਗਿਆਨ
ਅਰਸ਼ ਗੋਪਾਲ = ਵਾਹਿਗੁਰੂ
ਅਰਸ਼ ਗੋਬਿੰਦ = ਵਾਹਿਗੁਰੂ
ਅਰਸ਼ਚਰਨ = ਰੱਬੀ ਨਾਂਵ
ਅਰਸ਼ਚੀਤ = ਰੱਬੀ ਯਾਦ
ਅਰਸ਼ਚੇਤ = ਰੱਬੀ ਯਾਦ
ਅਰਸ਼ਜਸ = ਰੱਬੀ ਉਪਮਾ
ਅਰਸ਼ਜਾਪ = ਰੱਬੀ ਯਾਦ
ਅਰਸ਼ਜਿੰਦ = ਜੀਵਨ ਦਾਤਾ ਵਾਹਿਗੁਰੂ
ਅਰਸ਼ਜੀਤ = ਵਾਹਿਗੁਰੂ ਦੀ ਜਿੱਤ
ਅਰਸ਼ਜੋਤਿ = ਰੱਬੀ ਜੋਤਿ
ਅਰਸ਼ਜੋਧ = ਰੂਹਾਨੀ ਤੇ ਬਹਾਦਰ
ਅਰਸ਼ਟੇਕ = ਰੱਬੀ ਆਸਰਾ
ਅਰਸ਼ਤਾਰਨ = ਰੱਬ ਤਾਰਨਹਾਰ ਹੈ
ਅਰਸ਼ਤੀਰਥ = ਪਵਿੱਤਰ ਸਥਾਨ
ਅਰਸ਼ਤੇਗ = ਰੂਹਾਨੀ ਤੇ ਬਹਾਦਰ
ਅਰਸ਼ਤੇਜ = ਰੂਹਾਨੀ ਪ੍ਰਤਾਪ
ਅਰਸ਼ਦਿਆਲ = ਰੂਹਾਨੀ ਤੇ ਦਿਆਲੂ
ਅਰਸ਼ਦਿਤ = ਰੱਬੀ ਦਾਤ
ਅਰਸ਼ਦੀਨ = ਰੂਹਾਨੀ ਧਰਮ
ਅਰਸ਼ਦੀਪ = ਗਗਨ ਜੋਤਿ
ਅਰਸ਼ਦੇਵ = ਮਹਾਨ ਜੋਤਿ
ਅਰਸ਼ਨਰੈਣ = ਵਾਹਿਗੁਰੂ
ਅਰਸ਼ਨਾਮ = ਰੂਹਾਨੀ ਨਾਂਵ
ਅਰਸ਼ਨੂਰ = ਰੱਬੀ ਜੋਤਿ
ਅਰਸ਼ਪਾਲ = ਵਾਹਿਗੁਰੂ ਪਾਲਣਹਾਰਾ
ਅਰਸ਼ਪ੍ਰਕਾਸ਼ = ਰੂਹਾਨੀ ਜੋਤਿ
ਅਰਸ਼ਪ੍ਰੀਤ = ਰੱਬੀ ਪਿਆਰ
ਅਰਸ਼ਪ੍ਰੇਮ = ਰੱਬੀ ਪਿਆਰ
ਅਰਸ਼ਬਖ਼ਸ਼ = ਰੱਬੀ ਮਿਹਰ
ਅਰਸ਼ਬਚਨ = ਰੂਹਾਨੀ ਸੰਦੇਸ਼
ਅਰਸ਼ਬੇਅੰਤ = ਵਾਹਿਗੁਰੂ ਅਥਾਹ ਹੈ।
ਅਰਸ਼ਭਗਤ = ਸ੍ਰੇਸ਼ਟ ਪੁਰਖ
ਅਰਸ਼ਭਗਵੰਤ = ਵਾਹਿਗੁਰੂ
ਅਰਸ਼ਭੂਪ = ਵਾਹਿਗੁਰੂ
ਅਰਸ਼ਮੰਗਲ = ਰੂਹਾਨੀ ਭਜਨ
ਅਰਸ਼ਮਾਨ = ਰੂਹਾਨੀ ਗੌਰਵ
ਅਰਸ਼ਮੁਕੰਦ = ਰੱਬ
ਕੁਲ ਖੇਮ = ਖ਼ੁਸ਼-ਤਬੀਅਤ
ਕੁਲ ਗਗਨ = ਰੂਹਾਨੀ ਰੂਹ
ਕੁਲ ਗਜਰਾਜ = ਸਭ ਦਾ ਸਿਰਦਾਰ
ਕੁਲ ਗਰਜ = ਸੱਚ ਦਾ ਜੈਕਾਰ
ਕੁਲ ਗਿਆਨ = ਗਿਆਨ 'ਚ ਪ੍ਰਬੀਨ
ਕੁਲ ਗੁਣ = ਗੁਣਾਂ ਦਾ ਪ੍ਰਤੀਕ
ਕੁਲ ਗੁਣਵੰਤ = ਗੁਣਾਂ ਦਾ ਪ੍ਰਤੀਕ
ਕੁਲ ਗੁਣੀਤ = ਗੁਣਾਂ ਦਾ ਪ੍ਰਤੀਕ
ਕੁਲ ਗੁਰਜਾਪ = ਬੰਦਗੀ ਵਾਲਾ
ਕੁਲ ਗੁਲਜ਼ਾਰ = ਪਰਿਵਾਰ ਦੇ ਬਾਗ਼ 'ਚ ਖਿੜਿਆ ਹੋਇਆ, ਸੁੰਦਰ ਵਿਅਕਤੀ
ਕੁਲ ਗੁਲਬਾਗ = ਗੁਲਾਬ ਦੇ ਫੁੱਲਾਂ ਵਾਂਗ ਸੁੰਦਰ
ਕੁਲ ਗੁਲਾਬ = ਗੁਲਾਬ ਦੇ ਫੁੱਲਾਂ ਵਾਂਗ ਸੁੰਦਰ
ਕੁਲ ਗੋਪਾਲ = ਵਾਹਿਗੁਰੂ ਦਾ ਸਭ ਕੁਝ
ਕੁਲ ਗੋਬਿੰਦ = ਵਾਹਿਗੁਰੂ ਦਾ ਸਭ ਕੁਝ
ਕੁਲ ਚੰਚਲ = ਚੁਸਤ ਤੇ ਸਿਆਣਾ
ਕੁਲ ਚਤਰ = ਚੁਸਤ ਤੇ ਸਿਆਣਾ
ਕੁਲ ਚੰਦ = ਪਰਿਵਾਰ ਦਾ ਚਿਰਾਗ਼
ਕੁਲ ਚੰਨ = ਪਰਿਵਾਰ ਦਾ ਚਿਰਾਗ਼
ਕੁਲ ਚਮਨ = ਪਰਿਵਾਰ ਦਾ ਚਿਰਾਗ਼
ਕੁਲ ਚਰਨ = ਖ਼ਾਨਦਾਨੀ ਨਾਂਵ
ਕੁਲ ਚੜ੍ਹਤ = ਚੜ੍ਹਦੀ ਕਲਾ ਵਾਲਾ
ਕੁਲ ਚੀਤ = ਰੱਬੀ ਸਿਮਰਨ ਵਾਲਾ
ਕੁਲ ਚੇਤ = ਰੱਬੀ ਸਿਮਰਨ ਵਾਲਾ
ਕੁਲ ਚੈਨ = ਸੁੱਖ ਦਾ ਪ੍ਰਤੀਕ
ਕੁਲ ਛਬੀਲ = ਨੌਜਵਾਨ, ਕਿਸ਼ੋਰ
ਕੁਲ ਜਸ = ਕੁੱਲ ਦਾ ਨਾਂ ਖੱਟਣ ਵਾਲਾ

ਕੁਲ ਜਸਾ = ਕੁੱਲ ਦਾ ਨਾਂ ਖੱਟਣ ਵਾਲਾ
ਕੁਲ ਜਗ = ਸੰਸਾਰ ਹੀ ਇਕ ਪਰਿਵਾਰ ਹੈ
ਕੁਲ ਜਗਤ = ਸੰਸਾਰ ਹੀ ਇਕ ਪਰਿਵਾਰ ਹੈ
ਕੁਲ ਜਗਤਾਰ = ਮਹਾਨ ਪੁਰਖ, ਜੋ ਜਗ ਤਾਰਨ ਵਾਲਾ ਹੈ
ਕੁਲ ਜਗਪਾਲ = ਵਾਹਿਗੁਰੂ ਜਗ ਦਾ ਪਾਲਣਹਾਰਾ
ਕੁਲ ਜਗਮੋਹਣ = ਸੰਸਾਰ ਨੂੰ ਮੋਹ ਲੈਣ ਵਾਲਾ
ਕੁਲ ਜਤਿਇੰਦਰ = ਮਨੋਂ ਕਾਮਨਾਵਾਂ 'ਤੇ ਕਾਬੂ ਪਾਉਣ ਵਾਲਾ
ਕੁਲ ਜਨ = ਸਾਰੇ ਲੋਕ ਇਕ ਹਨ
ਕੁਲ ਜਪ = ਰੱਬੀ ਬੰਦਗੀ ਵਾਲੇ
ਕੁਲ ਜਾਪ = ਬੰਦਗੀ ਕਰਨ ਵਾਲੇ
ਕੁਲ ਜਰਨੈਲ = ਫ਼ੌਜਾਂ ਦਾ ਸਰਦਾਰ
ਕੁਲ ਜਾਗਤ = ਸੁਚੇਤ ਵਿਅਕਤੀ
ਕੁਲ ਜਿੰਦ = ਪਰਿਵਾਰ ਦਾ ਚਿਰਾਗ
ਕੁਲਜੀਤ = ਫ਼ਤਹ ਕਰਨ ਵਾਲਾ
ਕੁਲ ਜੀਵਨ = ਪਰਿਵਾਰ ਦਾ ਸ੍ਰੇਸ਼ਟ ਵਿਅਕਤੀ
ਕੁਲ ਜੀਵਾ = ਪਰਿਵਾਰ ਦਾ ਸ੍ਰੇਸ਼ਟ ਵਿਅਕਤੀ
ਕੁਲ ਜੁਗਾਦ = ਸਦੀਵੀ ਪਰਿਵਾਰ
ਕੁਲ ਜੁਝਾਰ = ਬਹਾਦਰ ਤੇ ਸੂਰਮਾ
ਕੁਲ ਜੈ = ਪਰਿਵਾਰ ਦੀ ਚੜ੍ਹਦੀ ਕਲਾ ਕਰਨ ਵਾਲਾ
ਕੁਲ ਜੈਦੇਵ = ਮਹਾਨ ਸ਼ਖ਼ਸੀਅਤ
ਕੁਲ ਜੋਗ = ਪਰਿਵਾਰ ਦਾ ਕਾਬਲ ਵਿਅਕਤੀ
ਕੁਲ ਜੋਤਿ = ਪਰਿਵਾਰ ਤੇ ਖ਼ਾਨਦਾਨ ਦੀ ਰੂਹ ਜਾਂ ਆਤਮਾ
ਕੁਲ ਜੋਧ = ਬਹਾਦਰ ਤੇ ਸੂਰਮਾ
ਕੁਲ ਜੋਬਨ = ਬਹਾਦਰ ਤੇ ਸੂਰਮਾ
ਕੁਲ ਜੋਰਾਬਰ = ਬਹਾਦਰ ਤੇ ਸੂਰਮਾ
ਕੁਲ ਟਹਿਕ = ਖ਼ੁਸ਼ਬੂ ਵੰਡਣ ਵਾਲਾ
ਕੁਲ ਟਹਿਲ = ਸੇਵਾ ਦਾ ਪੁੰਜ
ਕੁਲ ਟੇਕ = ਪਰਿਵਾਰ ਦਾ ਆਸਰਾ
ਕੁਲ ਠਾਕਰ = ਪਰਮਾਤਮਾ ਸਭ ਦਾ ਹੈ
ਕੁਲ ਤਕਦੀਰ = ਪਰਿਵਾਰ ਦਾ ਭਾਗ
ਕੁਲਤਾਰ = ਸਭ ਨੂੰ ਤਾਰਨ ਵਾਲਾ
ਕੁਲ ਤਾਰਨ = ਸਭ ਨੂੰ ਤਾਰਨ ਵਾਲਾ
ਕੁਲ ਤੀਰਥ = ਸਭ ਲਈ ਸਤਿਕਾਰ ਦਾ ਪਾਤਰ
ਕੁਲ ਤੇਗ = ਪਰਿਵਾਰ ਦੀ ਸ਼ਕਤੀ
ਕੁਲ ਤੇਜ = ਪਰਿਵਾਰ ਦਾ ਜਲੌ
ਕੁਲ ਤ੍ਰਿਮਾਨ = ਸਤਿਕਾਰ ਪ੍ਰਾਪਤ ਇਨਸਾਨ
ਕੁਲ ਥੰਮਣ = ਸਭ ਦਾ ਸਹਾਰਾ
ਕੁਲ ਦਰਸ਼ਨ = ਪਰਮਾਰਥ ਦਾ ਸੋਮਾ
ਕੁਲ ਦਰਬ = ਮਾਇਆ ਦਾ ਵਸੀਲਾ
ਕੁਲ ਦਰਵੇਸ਼ = ਭਲਾ ਪੁਰਸ਼
ਕੁਲ ਦਲਜੀਤ = ਫ਼ਤਹ ਕਰਨ ਵਾਲਾ ਬਹਾਦਰ
ਕੁਲ ਦਲਜੋਤਿ = ਸਭ ਲਈ ਜਰਨੈਲ
ਕੁਲ ਦਲੀਪ = ਸਭ ਦਾ ਸਰਦਾਰ
ਕੁਲ ਦਲੇਰ = ਬਹਾਦਰ
ਕੁਲ ਦਾਤਾਰ = ਸਭ ਦਾ ਮਾਲਕ ਵਾਹਿਗੁਰੂ
ਕੁਲ ਦਾਨ = ਪਰਿਵਾਰ ਲੇਖੇ ਲਗਾਉਣਾ
ਕੁਲ ਦਿਆਲ = ਸਭ 'ਤੇ ਦਿਆਲੂ
ਕੁਲ ਦਿਤ = ਸਭ ਨੂੰ ਦੇਣ ਵਾਲਾ
ਕੁਲ ਦਿਲਦਾਰ = ਸਭਨਾਂ ਦਾ ਮਿੱਤਰ
ਕੁਲ ਦਿਲਬਰ = ਸਭਨਾਂ ਦਾ ਮਿੱਤਰ
ਕੁਲ ਦਿਲਾਵਰ = ਬਹਾਦਰ
ਕੁਲ ਦੀਸ਼ = ਸਭ ਦਾ ਮਾਲਕ ਵਾਹਿਗੁਰੂ
ਕੁਲ ਦੀਦਾਰ = ਸਭ ਦੇ ਦਰਸ਼ਨ ਦਾ ਪ੍ਰਤੀਕ
ਕੁਲ ਦੀਨ = ਪਰਿਵਾਰ ਦਾ ਨਿਮਰਤਾ ਦਾ ਪੁੰਜ
ਕੁਲ ਦੀਪ = ਪਰਿਵਾਰ ਦਾ ਚਿਰਾਗ
ਕੁਲ ਦੀਵਾਨ = ਸਭਾ ਜਾਂ ਦੀਵਾਨ ਦਾ ਪਤੀ
ਕੁਲ ਦੇਵ = ਪਰਿਵਾਰ ਦਾ ਦੇਵਤਾ ਸਰੂਪ
ਕੁਲ ਦੇਵਿੰਦਰ = ਪਰਿਵਾਰ ਦਾ ਦੇਵਤਾ ਸਰੂਪ
ਕੁਲ ਦੌਲਤ = ਮਾਇਆ ਨਾਲ ਭਰਪੂਰ
ਕੁਲ ਧਨ = ਮਾਇਆ ਨਾਲ ਭਰਪੂਰ
ਕੁਲ ਧਨਵੰਤ = ਮਾਇਆ ਨਾਲ ਭਰਪੂਰ
ਕੁਲ ਧਰਮ = ਮਹਾਨ ਅਸੂਲਾਂ ਦਾ ਧਾਰਨੀ
ਕੁਲ ਧਿਆਨ = ਸਭ ਦਾ ਖ਼ਿਆਲ ਰੱਖਣ ਵਾਲਾ

ਕੁਲ ਧੀਰਜ = ਸਾਊ ਤਬੀਅਤ
ਕੁਲ ਨਸਰੀਨ = ਪਰਿਵਾਰ ਦਾ ਫੁੱਲ
ਕੁਲ ਨਸੀਬ = ਭਾਗਾਂ ਵਾਲਾ
ਕੁਲ ਨਸੀਮ = ਭਾਗਾਂ ਵਾਲਾ
ਕੁਲ ਨਗਿੰਦਰ = ਅਮੋਲ ਵਸਤੂ
ਕੁਲ ਨਗੀਨ ਜਾਂ ਕੁਲ ਨਗੀਨਾ = ਅਮੋਲ ਵਸਤੂ
ਕੁਲ ਨਛੱਤਰ = ਗ੍ਰਹਿਆਂ ਦਾ ਮਾਲਕ
ਕੁਲ ਨੰਦ = ਪਰਿਵਾਰ ਨੂੰ ਸ਼ਾਂਤੀ ਦੇਣ ਵਾਲਾ
ਕੁਲ ਨਰਿੰਦਰ = ਮਹਾਨ ਹਸਤੀ ਦਾ ਮਾਲਕ
ਕੁਲ ਨਰੈਣ = ਵਾਹਿਗੁਰੂ
ਕੁਲ ਨਰੋਤਮ = ਸਭ ਤੋਂ ਉੱਤਮ ਪੁਰਖ
ਕੁਲ ਨਵਜੀਤ = ਸਾਰਿਆਂ ਦਾ ਜੇਤੂ
ਕੁਲ ਨਵਰੂਪ = ਸਾਰਿਆਂ ਲਈ ਨਵਾਂ ਰੂਪ
ਕੁਲ ਨਵੀਨ = ਨਵਾਂ ਆਦਮੀ, ਪਰਿਵਾਰ ਵਿਚ ਵੱਡਾ ਪਰਿਵਰਤਨ
ਕੁਲ ਨਾਹਰ = ਸ਼ੇਰ ਵਾਂਗੂੰ ਬਹਾਦਰ
ਕੁਲ ਨਾਦਾਨ = ਨਿਮਰਤਾ ਦਾ ਪੁੰਜ
ਕੁਲ ਨਾਮ = ਪਰਿਵਾਰ ਦਾ ਨਾਮ ਉੱਚਾ ਕਰਨ ਵਾਲਾ
ਕੁਲ ਨਿਸਤਾਰ = ਪਰਿਵਾਰ ਦਾ ਪਾਰ ਉਤਾਰਾ ਕਰਨ ਵਾਲਾ
ਕੁਲ ਨਿਸ਼ਾਨ = ਪਰਿਵਾਰ ਦਾ ਨਾਉਂ ਉੱਚਾ ਕਰਨ ਵਾਲਾ
ਕੁਲ ਨਿਹਚਲ = ਪਰਿਵਾਰ ਦੀ ਦ੍ਰਿੜ੍ਹਤਾ
ਕੁਲ ਨਿਹਾਲ = ਪਰਿਵਾਰ ਨੂੰ ਨਿਹਾਲ ਕਰਨ ਵਾਲਾ
ਕੁਲ ਨਿਧਾਨ = ਪਰਿਵਾਰ ਦਾ ਖ਼ਜ਼ਾਨਾ
ਕੁਲ ਨਿਰੰਜਨ = ਮਾਇਆ ਤੋਂ ਰਹਿਤ
ਕੁਲ ਨਿਰਦੋਸ਼ = ਔਗੁਣਾਂ ਤੋਂ ਰਹਿਤ ਹਸਤੀ
ਕੁਲ ਨਿਰਪੇਖ = ਈਮਾਨਦਾਰ ਵਿਅਕਤੀ
ਕੁਲ ਨਿਰਬਾਨ = ਪੁੱਜਿਆ ਹੋਇਆ ਜਾਂ ਪਾਰ-ਉਤਾਰਾ ਕਰਨ ਵਾਲਾ
ਕੁਲ ਨਿਰਭੰਗ = ਸਿਦਕ ਵਾਲਾ
ਕੁਲ ਨਿਰਭੈ = ਬਹਾਦਰ ਜਾਂ ਨਿਡਰ
ਕੁਲ ਨਿਰਮਲ = ਸਾਫ਼ ਤੇ ਸ਼ੁੱਧ
ਕੁਲ ਨਿਰਮੋਲ = ਮਹਾਨ ਤੇ ਪੂਰਨ
ਕੁਲ ਨਿਰਲੰਭ = ਆਸਰਾ ਰਹਿਤ
ਕੁਲ ਨਿਰਲੇਪ = ਮੋਹ ਮਾਇਆ ਤੋਂ ਉਪਰ
ਕੁਲ ਨਿਰਲੋਭ = ਲਾਲਚ ਰਹਿਤ
ਕੁਲ ਨਿਰਵੈਰ = ਵੈਰ ਭਾਵਨਾ ਤੋਂ ਰਹਿਤ
ਕੁਲ ਨਿਰੋਲ = ਸਾਫ਼ ਤੇ ਸਪੱਸ਼ਟ
ਕੁਲ ਨਿਵਾਰਨ = ਪਰਮਾਰਥ ਦਾ ਧਨੀ ਜਾਂ ਗਿਆਨ ਮਾਰਗ
ਕੁਲ ਨੂਰ = ਮਹਾਨ ਜੋਤਿ, ਸ੍ਰੇਸ਼ਟ ਵਿਅਕਤੀ
ਕੁਲ ਨੇਕ = ਭਲਾ ਪੁਰਸ਼
ਕੁਲ ਨੇਕਪਾਲ = ਭਲਾ ਪੁਰਸ਼
ਕੁਲ ਨੇਕਰੂਪ = ਭਲਾ ਪੁਰਸ਼
ਕੁਲ ਨੇਮਪਾਲ = ਅਸੂਲਾਂ ਦਾ ਧਾਰਨੀ
ਕੁਲ ਨੌਨਿਹਾਲ = ਸੁੰਦਰ ਤੇ ਕਿਸ਼ੋਰ
ਕੁਲ ਨ੍ਰਿਪ = ਕੁੱਲ ਦਾ ਵੱਡਾ ਪੁਰਖ
ਕੁਲ ਪਤਵੰਤ = ਇੱਜ਼ਤਦਾਰ ਜਾਂ ਇੱਜ਼ਤ ਦਾ ਰਾਖਾ
ਕੁਲ ਪਤਿ = ਪਰਿਵਾਰ ਦਾ ਮਾਲਕ, ਵੱਡਾ ਵਿਅਕਤੀ
ਕੁਲ ਪਤਿਵੀਰ = ਬਹਾਦਰ ਤੇ ਇੱਜ਼ਤਦਾਰ
ਕੁਲ ਪਰਸਨ = ਅਨੰਦ 'ਚ ਰਹਿਣ ਵਾਲਾ
ਕੁਲ ਪਰਗਟ = ਪ੍ਰਸਿੱਧ ਹਸਤੀ
ਕੁਲ ਪਰਤਾਪ = ਜਲੌ ਭਰਪੂਰ ਪੁਰਖ
ਕੁਲ ਪਰਤੀਤ = ਵਿਸ਼ਵਾਸ ਦਾ ਪਾਤਰ
ਕੁਲ ਪਰਦੀਪ = ਅਗੰਮੀ ਜੋਤਿ, ਪਰਿਵਾਰ ਦਾ ਮਾਰਗ ਦਰਸ਼ਨ
ਕੁਲ ਪਰਦੂਮਨ = ਸ਼ਤਰੂਆਂ ਦਾ ਨਾਸ ਕਰਨ ਵਾਲਾ
ਕੁਲ ਪਰਬੀਨ = ਮਾਹਰ ਤੇ ਵਿਦਵਾਨ
ਕੁਲ ਪਰਮ = ਵੱਡਾ ਤੇ ਮੁਖੀ
ਕੁਲ ਪਰਮੀਸ਼ = ਵੱਡਾ ਤੇ ਮੁਖੀ
ਕੁਲ ਪਰਾਗ = ਵੱਡਾ ਤੇ ਮੁਖੀ

ਕੁਲ ਪਵਨ = ਸਾਊ ਤੇ ਆਦਰਸ਼ਕ
ਕੁਲ ਪਵਿੱਤਰ = ਸਾਊ ਤੇ ਆਦਰਸ਼ਕ
ਕੁਲ ਪਾਖਰ = ਪਰਿਵਾਰ ਰਖਿਅਕ
ਕੁਲ ਪਾਤਰ = ਉੱਚਾ ਤੇ ਸ੍ਰੇਸ਼ਟ
ਕੁਲ ਪਾਰਸ = ਆਦਰਸ਼ਕ ਵਿਅਕਤੀ
ਕੁਲ ਪਾਲ = ਵਾਹਿਗੁਰੂ, ਪਰਿਵਾਰ ਜਾਂ ਕੁਲ ਦਾ ਮਾਲਕ
ਕੁਲ ਪਿਆਰ = ਹਰਮਨ ਪਿਆਰਾ
ਕੁਲ ਪੂਰਨ = ਸ੍ਰੇਸ਼ਟ ਤੇ ਨਿਰਦੋਸ਼
ਕੁਲ ਪ੍ਰਕਾਸ਼ = ਖ਼ਾਨਦਾਨੀ ਚਿਰਾਗ
ਕੁਲ ਪ੍ਰਧਾਨ = ਮੁਖੀ ਤੇ ਵੱਡਾ
ਕੁਲ ਪ੍ਰਭਓਟ = ਵਾਹਿਗੁਰੂ, ਸਭ ਦਾ ਆਸਰਾ
ਕੁਲ ਪ੍ਰਭਜੀਤ = ਵਾਹਿਗੁਰੂ ਦੀ ਫ਼ਤਹ ਨੂੰ ਸਮਰਪਣ
ਕੁਲ ਪ੍ਰਿਤਪਾਲ = ਵਾਹਿਗੁਰੂ
ਕੁਲ ਪ੍ਰਿਥੀਪਾਲ = ਸਾਰੀ ਧਰਤੀ ਦਾ ਮਾਲਕ
ਕੁਲ ਪ੍ਰੀਤ = ਪਿਆਰ ਦਾ ਪ੍ਰਤੀਕ
ਕੁਲ ਪ੍ਰੀਤਮ = ਸਾਰੀ ਧਰਤੀ ਦਾ ਮਾਲਕ
ਕੁਲ ਪ੍ਰੇਮ = ਸਭ ਦਾ ਪਿਆਰਾ
ਕੁਲ ਫ਼ਕੀਰ = ਨਿਮਰਤਾ ਦਾ ਪੁੰਜ
ਕੁਲ ਫ਼ਤਹ = ਸਭ ਨੂੰ ਜਿੱਤਣ ਵਾਲਾ
ਕੁਲ ਫ਼ੌਜ = ਸਭ ਕੁਝ ਆਪ, ਸਭ ਦਾ ਮਾਲਕ
ਕੁਲ ਬਸੰਤ = ਸਭ ਲਈ ਖ਼ੁਸ਼ੀ ਦੇਣ ਵਾਲਾ
ਕੁਲ ਬਹਾਦਰ = ਸੂਰਬੀਰ
ਕੁਲ ਬਹਾਲ = ਖ਼ਾਨਦਾਨ ਨੂੰ ਉਚੇਰੇ ਕਰਨ ਵਾਲਾ
ਕੁਲ ਬਖ਼ਸ਼ = ਬਖ਼ਸ਼ ਜਾਂ ਮਿਹਰ ਦਾ ਪਾਤਰ
ਕੁਲ ਬਖ਼ਸ਼ਿੰਦ = ਬਖ਼ਸ਼ ਜਾਂ ਮਿਹਰ ਦਾ ਪਾਤਰ
ਕੁਲ ਬਖ਼ਸ਼ੀਸ਼ = ਬਖ਼ਸ਼ ਜਾਂ ਮਿਹਰ ਦਾ ਪਾਤਰ
ਕੁਲ ਬਖ਼ਤਾਵਰ = ਮਾਲਕ ਜਾਂ ਸਰਦਾਰ
ਕੁਲ ਬਘੇਲ = ਬਹਾਦਰ
ਕੁਲ ਬਚਨ = ਪ੍ਰਵਾਨਤ ਬੋਲ, ਦ੍ਰਿੜ੍ਹਤਾ
ਕੁਲ ਬਚਿੰਤ = ਬੇ-ਫ਼ਿਕਰ, ਚਿੰਤਾ ਰਹਿਤ
ਕੁਲ ਬਚਿੱਤਰ = ਅਦਭੁੱਤ
ਕੁਲ ਬਰਜੀਤ = ਬਖ਼ਸ਼ਸ਼ਾਂ ਦਾ ਪਾਤਰ
ਕੁਲਬਲ = ਤਾਕਤਵਰ
ਕੁਲ ਬਲਹਾਰ = ਮਾਨਤਾ ਪ੍ਰਾਪਤ
ਕੁਲ ਬਲਕਾਰ = ਦਲੇਰ ਤੇ ਬਹਾਦਰ
ਕੁਲ ਬਲਜੀਤ = ਤਾਕਤਵਰ
ਕੁਲ ਬਲਬੀਰ = ਤਾਕਤਵਰ
ਕੁਲ ਬਲਭਾਗ = ਤਾਕਤਵਰ
ਕੁਲ ਬਲਮ = ਤਾਕਤਵਰ
ਕੁਲ ਬਾਜ = ਤਾਕਤਵਰ
ਕੁਲ ਬਿਸ਼ਨ = ਮਹਾਨ ਤੇ ਸ੍ਰੇਸ਼ਟ
ਕੁਲ ਬਿਕਰਮ = ਬਹਾਦਰ
ਕੁਲ ਬਿਜੈ = ਜੇਤੂ
ਕੁਲ ਬਿੰਦਰ = ਕੁੱਲ ਨੂੰ ਜਾਨਣ ਵਾਲਾ
ਕੁਲ ਬਿਬੇਕ = ਪਹਿਚਾਣ ਬੁੱਧੀ, ਤੀਖਣ ਬੁੱਧੀ
ਕੁਲਬੀਰ = ਬਹਾਦਰ
ਕੁਲ ਬੁੱਧ = ਸਿਆਣਾ
ਕੁਲ ਬੁਲੰਦ = ਤਾਕਤਵਰ
ਕੁਲ ਬੇਅੰਤ = ਵਾਹਿਗੁਰੂ, ਜਿਸਦਾ ਅੰਤ ਕੋਈ ਨਹੀਂ
ਕੁਲ ਬੇਗ = ਤੇਜ਼, ਚੁਸਤ
ਕੁਲ ਬ੍ਰਹਮ = ਰੂਹਾਨੀ
ਕੁਲ ਭਗਤ = ਬੰਦਗੀ ਵਾਲਾ
ਕੁਲ ਭਗਵੰਤ = ਰੱਬੀ, ਰੱਬੀ ਬਖ਼ਸ਼ ਵਾਲਾ
ਕੁਲ ਭਗੌਤ = ਰੱਬੀ, ਰੱਬੀ ਬਖ਼ਸ਼ ਵਾਲਾ
ਕੁਲ ਭਜਨ = ਬੰਦਗੀ ਵਾਲਾ
ਕੁਲ ਭਜਨੀਕ = ਬੰਦਗੀ ਵਾਲਾ
ਕੁਲ ਭਰਪੂਰ = ਸ੍ਰੇਸ਼ਟ, ਪੂਰਾ
ਕੁਲ ਭਵਜੋਤ = ਮਹਾਨ ਜੋਤਿ, ਸ੍ਰੇਸ਼ਟ ਜਨ
ਕੁਲ ਭਾਗ = ਵਡਭਾਗੀ
ਕੁਲ ਭਾਨ = ਸੂਰਜ ਵਾਂਗੂੰ ਰੌਸ਼ਨੀ ਦੇਣ ਵਾਲਾ
ਕੁਲ ਭੂਸ਼ਨ = ਖ਼ਾਨਦਾਨ ਦਾ ਚਿਰਾਗ਼
ਕੁਲ ਭੂਪ = ਬਾਦਸ਼ਾਹੀ
ਕੁਲ ਭੂਪਤ = ਬਾਦਸ਼ਾਹੀ

ਕੁਲ ਭੂਪਨ = ਬਾਦਸ਼ਾਹੀ

ਕੁਲ ਮਸਕੀਨ = ਨਿਮਰਤਾ ਦਾ ਪੁੰਜ

ਕੁਲ ਮਸਤ = ਅਨੰਦਤ

ਕੁਲ ਮਹਾਨ = ਉੱਚਾ ਰੁਤਬਾ

ਕੁਲ ਮਹਾਤਮ = ਮਹਾਨ ਸ਼ਖ਼ਸੀਅਤ

ਕੁਲ ਮਹਾਬੀਰ = ਵੱਡਾ ਜੋਧਾ

ਕੁਲ ਮਹਿਤਾਬ = ਚੰਦਰਮਾ ਵਾਂਗ ਸੋਹਣਾ

ਕੁਲ ਮਹਿੰਦਰ = ਮਹਾਨ ਇੰਦਰ, ਮਹਾਨ ਹਸਤੀ

ਕੁਲ ਮਹਿਮਾ = ਜੱਸ ਖੱਟਣ ਵਾਲਾ

ਕੁਲ ਮਹੀਪ = ਬਾਦਸ਼ਾਹ, ਖ਼ਾਨਦਾਨ ਦਾ ਵੱਡਾ

ਕੁਲ ਮਹੇਸ਼ = ਵੱਡਾ ਦੇਵਤਾ

ਕੁਲ ਮੰਗਲ = ਖ਼ੁਸ਼ੀ ਦਾ ਗੀਤ, ਖ਼ੁਸ਼ੀ ਪ੍ਰਦਾਨ ਕਰਨ ਵਾਲਾ

ਕੁਲ ਮਤਵੰਤ = ਅਨੰਦਤ

ਕੁਲ ਮਨਸ਼ਾ = ਵੱਡਾ ਪੁਰਖ

ਕੁਲ ਮਨਸੁਖ = ਸੁੱਖਾਂ ਦਾ ਸੋਮਾ

ਕੁਲ ਮਨਚੇਤ = ਚਿੰਤਨ ਕਰਨ ਵਾਲਾ

ਕੁਲ ਮਨਜਾਪ = ਚਿੰਤਨ ਕਰਨ ਵਾਲਾ

ਕੁਲ ਮਨਤਾਜ = ਉੱਚੀ ਸੋਚ ਦਾ ਧਾਰਨੀ, ਮਨ ਜਿੱਤਣ ਵਾਲਾ

ਕੁਲ ਮਨਤੇਜ = ਤੀਖਣ ਬੁੱਧੀ

ਕੁਲ ਮਨਦੀਸ਼ = ਉੱਚੀ ਸੋਚ ਦਾ ਧਾਰਨੀ, ਮਨ ਜਿੱਤਣ ਵਾਲਾ

ਕੁਲ ਮਨਦੀਪ = ਮਨ ਅੰਦਰ ਪ੍ਰਕਾਸ਼ ਹੋਣਾ

ਕੁਲ ਮਨਦੇਵ = ਅਨੰਦਤ, ਮਨ ਦਾ ਦੇਵਤਾ

ਕੁਲ ਮਨਪ੍ਰੀਤ = ਮਨ ਨੂੰ ਮੋਹ ਲੈਣ ਵਾਲਾ

ਕੁਲ ਮਨਮੋਹਣ = ਮਨ ਨੂੰ ਮੋਹ ਲੈਣ ਵਾਲਾ

ਕੁਲ ਮਨਰਾਜ = ਮਨ ਨੂੰ ਮੋਹ ਲੈਣ ਵਾਲਾ

ਕੁਲ ਮਨਰੀਤ = ਮਨ ਨੂੰ ਮੋਹ ਲੈਣ ਵਾਲਾ

ਕੁਲ ਮਨਲੋਚ = ਪਰਿਵਾਰ ਜਾਂ ਕੁਲ ਦਾ ਸਨੇਹੀ

ਕੁਲ ਮਨਵੰਤ = ਮਨ ਦਾ ਦ੍ਰਿੜ੍ਹ

ਕੁਲ ਮਨੋਹਰ = ਸੁੰਦਰ ਮਨ ਵਾਲਾ, ਮਨ ਮੋਹ ਲੈਣ ਵਾਲਾ

ਕੁਲ ਮਲਕੀਤ = ਕੁਲ ਦਾ ਮਾਲਕ, ਮੁਖਤਿਆਰੀ

ਕੁਲ ਮਲਾਇਕ = ਸਾਊ, ਕੋਮਲ

ਕੁਲ ਮਲੂਕ = ਸਾਊ, ਕੋਮਲ

ਕੁਲ ਮਾਨ = ਗੌਰਵਮਈ

ਕੁਲ ਮਾਨਸ = ਸ੍ਰੇਸ਼ਟ ਪੁਰਖ

ਕੁਲ ਮਾਨਵ = ਸ੍ਰੇਸ਼ਟ ਪੁਰਖ

ਕੁਲ ਮਿਲਖਾ = ਵੱਡਾ ਪੁਰਖ

ਕੁਲ ਮੀਤ = ਮਿਲਾਵਣਹਾਰਾ, ਸਰਬ-ਮਿੱਤਰ

ਕੁਲ ਮੁਕੰਦ = ਵੱਡਾ ਪੁਰਖ

ਕੁਲ ਮੁਖ = ਵੱਡਾ ਪੁਰਖ

ਕੁਲ ਮੁਖਤਿਆਰ = ਵੱਡਾ ਪੁਰਖ

ਕੁਲ ਮੇਹਰ = ਰੱਬੀ ਬਖ਼ਸ਼

ਕੁਲ ਮੇਲ = ਮਿਲਾਵਣਹਾਰਾ, ਸਰਬ-ਮਿੱਤਰ

ਕੁਲ ਮੋਹ = ਪਿਆਰਾ

ਕੁਲ ਮੋਹਣ = ਪਿਆਰਾ

ਕੁਲ ਮ੍ਰਿਗਿੰਦ = ਵੱਡਾ, ਨੇਤਾ

ਕੁਲ ਯਾਦ = ਹਰਮਨ ਪਿਆਰਾ

ਕੁਲ ਯਾਦਰੂਪ = ਹਰਮਨ ਪਿਆਰਾ

ਕੁਲ ਰਸ = ਸ੍ਰੇਸ਼ਟ ਵਿਅਕਤੀ

ਕੁਲ ਰਖਵੰਤ = ਰਖਿਅਕ, ਪਾਲਣਹਾਰਾ

ਕੁਲ ਰੰਗ = ਪਰਿਵਾਰ ਦਾ ਚਿਰਾਗ

ਕੁਲ ਰਛਪਾਲ = ਰਖਿਅਕ, ਪਾਲਣਹਾਰਾ

ਕੁਲ ਰਣਸ਼ੇਰ = ਬਹਾਦਰ ਯੋਧਾ

ਕੁਲ ਰਣਜੀਤ = ਬਹਾਦਰ ਯੋਧਾ

ਕੁਲ ਰਣਜੋਤਿ = ਬਹਾਦਰ ਯੋਧਾ

ਕੁਲ ਰਣਜੋਧ = ਬਹਾਦਰ ਯੋਧਾ

ਕੁਲ ਰਣਤੀਰ = ਬਹਾਦਰ ਯੋਧਾ

ਕੁਲ ਰਣਦੀਪ = ਰਣ ਵਿਚ ਜਰਨੈਲ, ਅਗਵਾਈ ਦੇਣ ਵਾਲਾ

ਕੁਲ ਰਣਦੇਵ = ਰਣ ਵਿਚ ਜਰਨੈਲ, ਅਗਵਾਈ ਦੇਣ ਵਾਲਾ

ਕੁਲ ਰਣਧੀਰ = ਬਹਾਦਰ ਯੋਧਾ

ਕੁਲ ਰਣਪਾਲ = ਰਣ ਵਿਚ ਜਰਨੈਲ, ਅਗਵਾਈ ਦੇਣ ਵਾਲਾ

ਕੁਲ ਰਣਪ੍ਰੀਤ = ਰਣ ਵਿਚ ਜਰਨੈਲ, ਅਗਵਾਈ ਦੇਣ ਵਾਲਾ
ਕੁਲ ਰਤਨ = ਅਮੋਲ, ਸ੍ਰੇਸ਼ਟ
ਕੁਲ ਰਾਜ = ਵੱਡਾ, ਮਾਲਕ
ਕੁਲ ਰਾਜਿੰਦਰ = ਇੰਦਰ ਰਾਜਾ, ਮਹਾਨ ਵਿਅਕਤੀ
ਕੁਲ ਰਾਮ = ਸ੍ਰੇਸ਼ਟ, ਦੇਵਤਾ ਸਮਾਨ
ਕੁਲ ਰਿਪਸੋਦਕ = ਵੈਰੀਆਂ ਦਾ ਦਮਨ ਕਰਨ ਵਾਲਾ
ਕੁਲ ਰਿਪਤਾਪਨ = ਵੈਰੀਆਂ ਨੂੰ ਤਾਪ ਚੜ੍ਹਾਉਣ ਵਾਲਾ
ਕੁਲ ਰੂਪ = ਸੁੰਦਰ ਤੇ ਸ੍ਰੇਸ਼ਟ
ਕੁਲ ਰੂਪਜੀਤ = ਸੁੰਦਰ ਤੇ ਸ੍ਰੇਸ਼ਟ
ਕੁਲ ਰੂਪਵੰਤ = ਸੁੰਦਰ ਤੇ ਸ੍ਰੇਸ਼ਟ
ਕੁਲ ਰੇਸ਼ਮ = ਸੁੰਦਰ ਤੇ ਸ੍ਰੇਸ਼ਟ
ਕੁਲ ਰੋਸ਼ਨ = ਪ੍ਰਗਟ ਜੋਤਿ
ਕੁਲ ਰੌਣਕ = ਖ਼ੁਸ਼ਦਿਲ
ਕੁਲ ਲਖਬੀਰ = ਬਹਾਦਰ, ਲੱਖਾਂ ਜੋਧਿਆਂ ਦੇ ਬਰਾਬਰ
ਕੁਲਵੰਤ = ਵੱਡਾ, ਸ੍ਰੇਸ਼ਟ
ਕੁਲ ਵਤਨ = ਸਭ ਦਾ ਸਾਂਝਾ
ਕੁਲ ਵਰਿਆਮ = ਬਹਾਦਰ
ਕੁਲ ਵਰਿੰਦਰ = ਬਹਾਦਰ
ਕੁਲ ਵਿਸ਼ਨ = ਵੱਡਾ ਤੇ ਸ੍ਰੇਸ਼ਟ
ਕੁਲ ਵਿਸ਼ਵ = ਵੱਡਾ ਤੇ ਸ੍ਰੇਸ਼ਟ
ਕੁਲ ਵਿਗਾਸ = ਅਨੰਦਤ, ਖੇੜੇ ਵਿਚ ਰਹਿਣ ਵਾਲਾ
ਕੁਲ ਵੀਰ = ਬਹਾਦਰ

ਕੇਸਰ = ਇਕ ਫੁੱਲਾਂ ਤੋਂ ਬਣਿਆ ਧੂੜਾ

[ਨੋਟ : 'ਕੇਸਰ' ਨਾਲ ਹੋਰ ਪਿਛੇਤਰ ਲਗਾ ਕੇ ਨਾਂਵ ਘੜੇ ਜਾ ਸਕਦੇ ਹਨ, ਜਿਵੇਂ : ਕੇਸਰ ਸਰੂਪ, ਕੇਸਰ ਜੀਤ, ਕੇਸਰ ਜੋਤਿ, ਕੇਸਰ ਪ੍ਰੀਤ, ਕੇਸਰ ਪ੍ਰੇਮ, ਕੇਸਰ ਵੀਰ ਆਦਿ।]

ਕੇਹਰ = ਸ਼ੇਰ

[ਨੋਟ : 'ਕੇਹਰ' ਨਾਲ ਹੋਰ ਪਿਛੇਤਰ ਲਗਾ ਕੇ ਨਾਂਵ ਘੜੇ ਜਾ ਸਕਦੇ ਹਨ, ਜਿਵੇਂ : ਕੇਹਰ ਸਰੂਪ, ਕੇਹਰ ਜੀਤ, ਕੇਹਰ ਜੋਤਿ, ਕੇਹਰ ਬੀਰ ਆਦਿ।]

ਕੇਵਲ = ਇਕ, ਇਕੱਲਾ, ਪਰਮਾਤਮਾ

ਕੇਵਲ ਈਸ਼ਰ = ਵਾਹਿਗੁਰੂ ਇਕ ਹੈ
ਕੇਵਲ ਸਰੂਪ = ਇਕੱਲਾ, ਪਰਮਾਤਮਾ ਦਾ ਅਸਲ ਸ਼ਰਧਾਲੂ
ਕੇਵਲ ਜੀਤ = ਇਕ ਦੀ ਫ਼ਤਹ
ਕੇਵਲ ਜੋਤਿ = ਵਾਹਿਗੁਰੂ ਦੀ ਜੋਤਿ
ਕੇਵਲ ਟੇਕ = ਇਕ ਦਾ ਹੀ ਆਸਰਾ
ਕੇਵਲ ਦੀਪ = ਇਕ ਦਾ ਹੀ ਪ੍ਰਕਾਸ਼
ਕੇਵਲ ਦੇਵ = ਇੱਕੋ ਹੀ ਦੇਵ ਭਾਵ ਵਾਹਿਗੁਰੂ ਇਕ ਹੈ
ਕੇਵਲ ਧਰਮ = ਸੱਚਾ ਧਰਮ ਇਕ ਹੈ
ਕੇਵਲ ਨਾਮ = ਨਾਮ ਦਾ ਸਾਰੇ ਪਸਾਰਾ
ਕੇਵਲ ਪਾਲ = ਪਾਲਣਹਾਰਾ ਇਕ ਹੈ
ਕੇਵਲ ਪ੍ਰੀਤ = ਰੱਬ ਨਾਲ ਪਿਆਰ
ਕੇਵਲ ਪ੍ਰੇਮ = ਰੱਬ ਨਾਲ ਪਿਆਰ
ਕੇਵਲ ਬੀਰ = ਬਹਾਦਰੀ 'ਚ ਮਹਾਨ
ਕੇਵਲ ਭਗਤ = ਇਕ ਦਾ ਹੀ ਸ਼ਰਧਾਲੂ
ਕੇਵਲ ਰੂਪ = ਰੱਬੀ ਗੁਣਾਂ ਦਾ ਧਾਰਨੀ
ਕੇਵਲ ਲੀਨ = ਬੰਦਗੀ ਵਾਲਾ
ਕੋਹਿਨੂਰ = ਕੀਮਤੀ ਹੀਰਾ, ਅਨਮੋਲ
ਕੋਮਲ = ਨਰਮ, ਸੁੰਦਰ
ਕੋਮਲ ਅਨੰਦ = ਸੁੰਦਰ ਤੇ ਖ਼ੁਸ਼
ਕੋਮਲ ਸਰੂਪ = ਸੁੰਦਰ
ਕੋਮਲ ਕਿਰਨ = ਸੁੰਦਰ
ਕੋਮਲ ਗਿਆਨ = ਨਰਮ ਤੇ ਗਿਆਨੀ
ਕੋਮਲ ਚੀਤ = ਸ਼ਾਂਤ ਸੁਭਾਅ
ਕੋਮਲ ਚੇਤ = ਸ਼ਾਂਤ ਸੁਭਾਅ
ਕੋਮਲ ਜੀਤ = ਸ਼ਾਂਤ ਸੁਭਾਅ ਦੀ ਜਿੱਤ
ਕੋਮਲ ਜੋਤਿ = ਨਰਮ ਤੇ ਸ਼ਾਂਤ

ਕੋਮਲ ਨਾਮ = ਰੱਬ ਦਾ ਨਾਂਵ ਸੁੰਦਰ ਹੈ
ਕੋਮਲ ਪਾਲ = ਸੁੰਦਰਤਾ ਦਾ ਪ੍ਰਤੀਕ
ਕੋਮਲ ਪ੍ਰੀਤ = ਸੁੰਦਰਤਾ ਦਾ ਘਾਇਲ, ਸੁੰਦਰਤਾ ਪਸੰਦ ਕਰਨ ਵਾਲਾ
ਕੋਮਲ ਪ੍ਰੇਮ = ਸੁੰਦਰਤਾ ਦਾ ਘਾਇਲ, ਸੁੰਦਰਤਾ ਪਸੰਦ ਕਰਨ ਵਾਲਾ
ਕੋਮਲ ਬੀਰ = ਸੁੰਦਰ ਤੇ ਬਹਾਦਰ
ਕੋਮਲ ਭਗਤ = ਸੁੰਦਰ ਤੇ ਭਜਨੀਕ
ਕੋਮਲ ਮੀਤ = ਸੁੰਦਰਤਾ ਦਾ ਚਾਹਵਾਨ
ਕੋਮਲ ਯਾਰ = ਸੁੰਦਰਤਾ ਦਾ ਚਾਹਵਾਨ
ਕੋਮਲ ਰੂਪ = ਸੁੰਦਰ
ਕੋਮਲ ਵੰਤ = ਸੁੰਦਰ

ਕੌਰ = ਕੰਵਰ

[ਨੋਟ : ਇਹ ਨਾਂਵ ਵਿਰਲਾ ਹੀ ਮਿਲੇਗਾ, ਕਿਉਂਕਿ 'ਕੌਰ' ਨੂੰ ਇਸਤਰੀ ਲਿੰਗ ਸ਼ਬਦ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਜਿਵੇਂ ਕੋਮਲ ਕੌਰ, ਹਰਿਨਾਮ ਕੌਰ ਅਤੇ ਇਸਦੇ ਅਰਥ ਰਾਜਕੁਮਾਰੀ ਮੰਨਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਇਸ ਸ਼ਬਦ ਨੂੰ ਬਤੌਰ ਇਸਤਰੀ ਲਿੰਗ ਮੰਨਣ ਲਈ 'ਰ' ਨੂੰ ਸਿਹਾਰੀ ਲਗਾਉਂਦੇ ਹਨ। ਫਿਰ ਵੀ ਮਰਦਾਂ ਦੇ ਨਾਂਵ ਲਈ 'ਕੌਰ' ਸ਼ਬਦ ਦਾ ਪ੍ਰਯੋਗ ਹੋ ਸਕਦਾ ਹੈ। ਜਿਵੇਂ : ਕੌਰ ਸਰੂਪ = ਰਾਜਕੁਮਾਰ ਵਰਗਾ, ਕੌਰ ਜੀਤ, ਕੌਰ ਜੋਤਿ, ਕੌਰ ਦੀਪ, ਕੌਰ ਦੇਵ ਆਦਿ। ਹੋਰ ਜੋੜ ਬਣਾਏ ਜਾ ਸਕਦੇ ਹਨ।]

ਖ

[ਹਰ ਨਾਂਵ ਨਾਲ 'ਸਿੰਘ' ਅਤੇ 'ਕੌਰ' ਲਗਾਓ]

ਖਜ਼ਾਨ = ਖ਼ਜ਼ਾਨਾ, ਮਾਇਆ ਰੱਖਣ ਵਾਲੀ ਜਗ੍ਹਾ

ਖੜਗ = ਕਿਰਪਾਨ, ਸ੍ਰੀ ਸਾਹਿਬ, ਸ਼ਕਤੀ ਦਾ ਪ੍ਰਤੀਕ

ਖੜਗ ਅਕਾਲ = ਵਾਹਿਗੁਰੂ ਸ਼ਕਤੀਸ਼ਾਲੀ ਹੈ

ਖੜਗ ਈਸ਼ਰ = ਵਾਹਿਗੁਰੂ ਸ਼ਕਤੀਸ਼ਾਲੀ ਹੈ

ਖੜਗ ਏਕ = ਵਾਹਿਗੁਰੂ ਸ਼ਕਤੀਸ਼ਾਲੀ ਹੈ

ਖੜਗ ਸਰੂਪ = ਸ਼ਕਤੀਸ਼ਾਲੀ

ਖੜਗ ਹਿੰਮਤ = ਸ਼ਕਤੀਸ਼ਾਲੀ ਤੇ ਹੌਸਲੇ ਵਾਲਾ

ਖੜਗ ਕਿਰਪਾਨ = ਦਿਆਲੂ ਤੇ ਬਹਾਦਰ

ਖੜਗ ਕੇਤ = ਸ਼ਕਤੀਸ਼ਾਲੀ, ਵਾਹਿਗੁਰੂ

ਖੜਗ ਜੀਤ = ਤਾਕਤਵਰ ਦੀ ਜਿੱਤ

ਖੜਗ ਜੋਤਿ = ਸ਼ਕਤੀਸ਼ਾਲੀ, ਤਾਕਤਵਰ

ਖੜਗ ਜੋਧ = ਬਹਾਦਰ ਤੇ ਸ਼ਕਤੀਸ਼ਾਲੀ

ਖੜਗ ਟੇਕ = ਵਾਹਿਗੁਰੂ ਦਾ ਆਸਰਾ

ਖੜਗ ਨਾਮ = ਨਾਮ ਮਹਾਨ ਸ਼ਕਤੀ

ਖੜਗ ਪਰਤਾਪ = ਤਾਕਤ ਦਾ ਜਲੌ

ਖੜਗ ਪਾਲ = ਸ਼ਕਤੀ ਦਾ ਧਾਰਨੀ

ਖੜਗ ਪ੍ਰੀਤ = ਸ਼ਸਤਰ ਨਾਲ ਪਿਆਰ, ਸ਼ਕਤੀ ਦਾ ਪ੍ਰਤੀਕ

ਖੜਗ ਪ੍ਰੇਮ = ਸ਼ਸਤਰ ਨਾਲ ਪਿਆਰ, ਸ਼ਕਤੀ ਦਾ ਪ੍ਰਤੀਕ

ਖੜਗ ਫ਼ਤਹ = ਸ਼ਕਤੀ ਦੀ ਜਿੱਤ

ਖੜਗ ਬਖ਼ਸ਼ = ਤਾਕਤ ਦੀ ਬਖ਼ਸ਼ ਹੋਣੀ

ਖੜਗ ਬਲ = ਤੇਗ ਦਾ ਧਨੀ, ਬਹਾਦਰ

ਖੜਗ ਬਲਬੀਰ = ਤੇਗ ਦਾ ਧਨੀ, ਬਹਾਦਰ

ਖੜਗ ਬੀਰ = ਤੇਗ ਦਾ ਧਨੀ, ਬਹਾਦਰ

ਖੜਗ ਮੀਤ = ਸ਼ਸਤਰ ਦਾ ਪ੍ਰੇਮੀ

ਖੜਗ ਰੂਪ = ਸ਼ਕਤੀਸ਼ਾਲੀ

ਖੜਗ ਲੋਹ = ਸ਼ਕਤੀਸ਼ਾਲੀ

ਖੜਗ ਵੰਤ = ਸ਼ਕਤੀਸ਼ਾਲੀ

ਖੜਗ ਵੀਰ = ਸ਼ਕਤੀਸ਼ਾਲੀ

ਖਾਲਸ = ਸ਼ੁੱਧ, ਆਜ਼ਾਦ

ਖਾਲਸ ਅਜੀਤ = ਆਜ਼ਾਦ, ਸ਼ੁੱਧ, ਵਾਹਿਗੁਰੂ ਦੀ ਜਿੱਤ

ਖਾਲਸ ਅਜੈ = ਆਜ਼ਾਦ, ਸ਼ੁੱਧ, ਵਾਹਿਗੁਰੂ ਦੀ ਜਿੱਤ

ਖਾਲਸ ਏਕ = ਆਜ਼ਾਦ, ਸ਼ੁੱਧ, ਵਾਹਿਗੁਰੂ ਦੀ ਜਿੱਤ

ਖਾਲਸ ਕਰਮ = ਸੁਭ ਕਰਮਨ ਵਾਲਾ

ਖਾਲਸ ਗਰਜ = ਸੱਚ ਦੇ ਬੋਲ

ਖਾਲਸ ਗਿਆਨ = ਪਰਮਾਰਥ ਦਾ ਬੋਧ

ਖਾਲਸ ਗੁਣ = ਚੰਗੇ ਗੁਣ

ਖਾਲਸ ਚਰਨ = ਉੱਚੀ ਸਿੱਖਿਆ, ਰੱਬੀ ਨਾਂਵ

ਖਾਲਸ ਚੇਤ = ਬਿਬੇਕ ਬੁੱਧੀ

ਖਾਲਸ ਜਸ = ਸੱਚੇ ਦੀ ਵਡਿਆਈ

ਖਾਲਸ ਜਾਪ = ਸੱਚੇ ਦੀ ਵਡਿਆਈ

ਖਾਲਸ ਜੀਤ = ਚੰਗੇ ਗੁਣਾਂ ਦੀ ਜਿੱਤ

ਖਾਲਸ ਜੋਤਿ = ਸੱਚਾ ਸਰੂਪ

ਖਾਲਸ ਟੇਕ = ਵਾਹਿਗੁਰੂ ਦਾ ਆਸਨ

ਖਾਲਸ ਦੇਵ = ਸੱਚਾ ਪੁਰਖ

ਖਾਲਸ ਪਾਲ = ਸੱਚ ਦਾ ਧਾਰਨੀ, ਪਾਲਣਹਾਰਾ ਸੱਚਾ ਹੈ

ਖਾਲਸ ਪ੍ਰਕਾਸ਼ = ਸੱਚੀ ਜੋਤਿ

ਖਾਲਸ ਪ੍ਰੀਤ = ਸੱਚਾ ਪਿਆਰ

ਖਾਲਸ ਪ੍ਰੇਮ = ਸੱਚਾ ਪਿਆਰ

ਖਾਲਸ ਬਖ਼ਸ਼ = ਚੰਗੇਪਨ ਦੀ ਬਖ਼ਸ਼

ਖਾਲਸ ਬੀਰ = ਗੁਣੀ ਤੇ ਬਹਾਦਰ

ਖਾਲਸ ਰੂਪ = ਸੱਚਾ ਜਨ

ਖੀਵਾ = ਖੁਸ਼ ਹੋਣਾ, ਮਸਤ ਹੋ ਜਾਣਾ

[ਨੋਟ : ਇਸ ਨਾਲ ਹੋਰ ਪਿਛੇਤਰ ਲਗਾਏ ਜਾ ਸਕਦੇ ਹਨ, ਪਰ ਜ਼ਿਆਦਾ ਨਹੀਂ। ਜਿਵੇਂ : ਖੀਵਾ ਸਰੂਪ, ਖੀਵਾ ਜੋਤਿ, ਖੀਵਾ ਰੂਪ ਆਦਿ।]

ਖੁਸ਼ = ਅਨੰਦ, ਪ੍ਰਸੰਨ

ਖੁਸ਼ ਅਕਾਲ = ਵਾਹਿਗੁਰੂ ਦੀ ਖ਼ੁਸ਼ੀ

ਖੁਸ਼ ਅਨੰਦ = ਪੂਰਾ ਖੇੜੇ ਵਿਚ

ਖੁਸ਼ ਏਕ = ਵਾਹਿਗੁਰੂ ਵੱਲੋਂ ਖ਼ੁਸ਼ੀ ਦੀ ਬਖ਼ਸ਼

ਖੁਸ਼ ਹਾਲ = ਸਫਲ, ਧਨੀ ਪੁਰਸ਼

ਖੁਸ਼ ਕਮਲ = ਅਨੰਦ ਤੇ ਖੇੜੇ ਵਿਚ

ਖੁਸ਼ ਕਰਤਾਰ = ਵਾਹਿਗੁਰੂ ਦੀ ਖ਼ੁਸ਼ੀ

ਖੁਸ਼ ਕਰਨ = ਖ਼ੁਸ਼ ਕਰਨ ਵਾਲਾ

ਖੁਸ਼ ਕਰਮ = ਚੰਗੇ ਭਾਗ, ਖ਼ੁਸ਼ੀ ਪ੍ਰਦਾਨ ਵਾਲੇ ਕਰਮ

ਖੁਸ਼ ਕਿਰਨ = ਖ਼ੁਸ਼ੀ ਦਾ ਪ੍ਰਤੀਕ

ਖੁਸ਼ ਕਿਰਪਾਲ = ਦਿਆਲੂ ਤੇ ਖ਼ੁਸ਼

ਖੁਸ਼ ਕੀਰਤ = ਬੰਦਗੀ 'ਚ ਖ਼ੁਸ਼ੀ

ਖੁਸ਼ ਗਜ਼ਬ = ਕੁਝ ਕਰਕੇ ਖ਼ੁਸ਼ੀ ਪ੍ਰਾਪਤ

ਖੁਸ਼ ਗ਼ਜ਼ਲ = ਖ਼ੁਸ਼ੀ ਦਾ ਗੀਤ

ਖੁਸ਼ ਗਰਜ = ਖ਼ੁਸ਼ੀ ਦੇ ਉੱਚੇ ਬੋਲ

ਖੁਸ਼ ਗਾਇਕ = ਖ਼ੁਸ਼-ਤਬੀਅਤ ਗਾਇਕ

ਖੁਸ਼ ਗਿਆਨ = ਖ਼ੁਸ਼ ਤੇ ਗੁਣਾਂ ਵਾਲਾ

ਖੁਸ਼ ਗੀਤ = ਖ਼ੁਸ਼ੀ ਦਾ ਗੀਤ ਜਾਂ ਭਜਨ

ਖੁਸ਼ ਗੁਣੀਤ = ਖ਼ੁਸ਼ ਤੇ ਗੁਣਾਂ ਵਾਲਾ

ਖੁਸ਼ ਗੁਰਮੁਖ = ਅਨੰਦ ਤੇ ਖੇੜੇ ਵਾਲਾ ਪੁਰਖ

ਖੁਸ਼ ਗੁਲਸ਼ਨ = ਖ਼ੁਸ਼ੀ ਦੇਣ ਵਾਲਾ

ਖੁਸ਼ ਗੁਲਾਬ = ਖ਼ੁਸ਼ੀ ਦੇਣ ਵਾਲਾ

ਖੁਸ਼ ਗ੍ਰਹਿ = ਖ਼ੁਸ਼ੀ ਦਾ ਸਿਤਾਰਾ

ਖੁਸ਼ ਘੁਮੰਡ = ਖ਼ੁਸ਼ ਅਤੇ ਗੌਰਵ ਵਾਲਾ

ਖੁਸ਼ ਚਤਰ = ਖ਼ੁਸ਼ੀ ਨਾਲ ਚਲਾਕੀ, ਖ਼ੁਸ਼ ਤੇ ਚੁਸਤ

ਖੁਸ਼ ਚੰਦਨ = ਖ਼ੁਸ਼ੀ ਅਤੇ ਸਤਿਕਾਰ ਵਾਲਾ

ਖੁਸ਼ ਚਮਕ = ਵਧੀਆ ਅਤੇ ਖ਼ੁਸ਼-ਤਬੀਅਤ

ਖੁਸ਼ ਚਰਨ = ਉਪਮਾ ਲਾਇਕ

ਖੁਸ਼ ਚੜ੍ਹਤ = ਚੜ੍ਹਦੀ ਕਲਾ ਵਾਲਾ

ਖੁਸ਼ ਚਿੜ = ਖੇੜੇ ਤੇ ਅਨੰਦ 'ਚ

ਖੁਸ਼ ਚਿੰਤਨ = ਗਿਆਨ ਦਾ ਰਸੀਆ

ਖੁਸ਼ ਚੀਤ = ਬੰਦਗੀ 'ਚ ਖ਼ੁਸ਼

ਖੁਸ਼ ਚੇਤ = ਬੰਦਗੀ 'ਚ ਖ਼ੁਸ਼

ਖੁਸ਼ ਚੇਤਨ = ਬੰਦਗੀ 'ਚ ਖ਼ੁਸ਼

ਖੁਸ਼ ਚੈਨ = ਸ਼ਾਂਤ ਸੁਭਾਅ

ਖੁਸ਼ ਚੋਜ = ਖ਼ੁਸ਼ ਕਰਨ ਵਾਲੇ ਕਰਮ

ਖੁਸ਼ ਜਸ = ਮਹਿਮਾ ਪ੍ਰਾਪਤੀ ਤੇ ਖ਼ੁਸ਼

ਖੁਸ਼ ਜਗਤ = ਸੰਸਾਰ ਵਿਚ ਖ਼ੁਸ਼

ਖੁਸ਼ ਜੰਤ = ਸੰਸਾਰ ਵਿਚ ਖ਼ੁਸ਼

ਖੁਸ਼ ਜੀਤ = ਖ਼ੁਸ਼ ਤੇ ਸਫਲ ਜਾਂ ਜੇਤੂ

ਖੁਸ਼ ਜੋਗ = ਖ਼ੁਸ਼ ਤੇ ਸਫਲ ਜਾਂ ਜੇਤੂ

ਖੁਸ਼ ਜੋਤਿ = ਖ਼ੁਸ਼ ਤੇ ਸਫਲ ਜਾਂ ਜੇਤੂ

ਖੁਸ਼ ਜੋਧ = ਬਹਾਦਰ ਤੇ ਖ਼ੁਸ਼

ਖੁਸ਼ ਟੇਕ = ਖ਼ੁਸ਼ੀ ਜੀਵਨ ਦਾ ਆਧਾਰ

ਖੁਸ਼ ਠਾਕਰ = ਵਾਹਿਗੁਰੂ ਦਾ ਤਰੁੱਠਣਾ

ਖੁਸ਼ ਤੀਰਥ = ਖ਼ੁਸ਼ੀ ਦਾ ਪ੍ਰਤੀਕ

ਖੁਸ਼ਤੇਗ = ਖ਼ੁਸ਼ੀ ਦੀ ਸ਼ਕਤੀ

ਖੁਸ਼ ਦਰਸ਼ = ਜਿਸਦੇ ਦੀਦਾਰ ਕਰਨ ਨਾਲ ਖ਼ੁਸ਼ੀ ਪ੍ਰਾਪਤ ਹੋਵੇ

ਖੁਸ਼ ਦਿਆ = ਰਹਿਮ ਤੇ ਖ਼ੁਸ਼ ਦਿਲ ਵਾਲਾ

ਖੁਸ਼ ਦਿਆਲ = ਦਿਆਲੂ ਤੇ ਖ਼ੁਸ਼

ਖੁਸ਼ ਦਿਤ = ਰੱਬੀ ਮਿਹਰ, ਖ਼ੁਸ਼ੀ ਨਾਲ ਪ੍ਰਾਪਤ

ਖੁਸ਼ ਦਿਲ = ਸਦਾ ਖ਼ੁਸ਼

ਖੁਸ਼ ਦੀਸ਼ = ਪਰਮਾਤਮਾ ਦੀ ਖੁਸ਼ੀ
ਖੁਸ਼ ਦੀਦਾਰ = ਜਿਸਦੇ ਮਿਲਣ ਨਾਲ ਖੁਸ਼ੀ ਮਿਲੇ
ਖੁਸ਼ ਦੀਨ = ਨਿਮਰਤਾ ਤੇ ਖੁਸ਼ੀ ਵਾਲਾ
ਖੁਸ਼ ਦੀਪ = ਖੁਸ਼ੀ ਦਾ ਪ੍ਰਤੀਕ, ਚਿਰਾਗ
ਖੁਸ਼ ਦੇਵ = ਖੁਸ਼ੀ ਦਾ ਦੇਵਤਾ, ਖੁਸ਼ੀਆਂ ਵੰਡਣ ਵਾਲਾ
ਖੁਸ਼ ਧਰਮ = ਨਿਮਰਤਾ ਤੇ ਖੁਸ਼ੀ ਵਾਲਾ ਜਾਂ ਉੱਚ ਅਸੂਲਾਂ ਵਾਲਾ
ਖੁਸ਼ ਧਾਮ = ਖੁਸ਼ੀ ਦਾ ਪ੍ਰਤੀਕ
ਖੁਸ਼ ਧੀਰ = ਖੁਸ਼ ਤੇ ਧੀਰਜ ਵਾਲਾ
ਖੁਸ਼ ਨਸੀਬ = ਭਾਗਾਂ ਵਾਲਾ, ਪ੍ਰਸੰਨ
ਖੁਸ਼ ਨਰੇਸ਼ = ਪ੍ਰਸੰਨ ਰਾਜਾ
ਖੁਸ਼ ਨਵੀਨ = ਸਦਾ ਖੁਸ਼, ਨਵੀਆਂ ਖੁਸ਼ੀਆਂ
ਖੁਸ਼ ਨਾਮ = ਰੱਬੀ ਨਾਂਵ ਤੋਂ ਖੁਸ਼ੀ ਲੈਣ ਵਾਲਾ
ਖੁਸ਼ ਨਿਹਚਲ = ਸਥਿਰ ਖੁਸ਼ੀ ਵਾਲਾ
ਖੁਸ਼ ਨਿਹਾਲ = ਖੁਸ਼ ਤੇ ਅਨੰਦਤ
ਖੁਸ਼ ਨਿਰਮਲ = ਸਾਫ਼ ਚਿੱਤ ਤੇ ਖੁਸ਼
ਖੁਸ਼ ਨਿਰਮਾਣ = ਨਿਮਰਤਾ ਵਾਲਾ
ਖੁਸ਼ ਨਿਰਮੋਲ = ਉੱਚ ਵਿਅਕਤੀ ਤੇ ਪ੍ਰਸੰਨ ਚਿਤ
ਖੁਸ਼ ਨਿਰਲੇਪ = ਅਲੇਪ ਤੇ ਪ੍ਰਸੰਨ ਚਿੱਤ
ਖੁਸ਼ ਨੀਰ = ਖੁਸ਼ੀ ਦੇ ਹੰਝੂ
ਖੁਸ਼ ਨੀਲਮ = ਖੁਸ਼ੀ ਦਾ ਪ੍ਰਤੀਕ
ਖੁਸ਼ ਨੁਹਾਰ = ਖੁਸ਼-ਤਬੀਅਤ
ਖੁਸ਼ ਨੇਕ = ਯੋਗ ਤੇ ਖੁਸ਼
ਖੁਸ਼ ਨੈਣ = ਸੁੰਦਰ ਅੱਖਾਂ ਵਾਲਾ ਤੇ ਪ੍ਰਸੰਨ
ਖੁਸ਼ ਪਹਿਲ = ਖੁਸ਼ੀ ਨੂੰ ਪਸੰਦ ਕਰਨ ਵਾਲਾ
ਖੁਸ਼ ਪੰਕਜ = ਨਿਰਲੇਪ ਤੇ ਖੁਸ਼
ਖੁਸ਼ ਪੰਥ = ਖੁਸ਼ੀ ਦਾ ਮਾਰਗ
ਖੁਸ਼ ਪਰਤਾਪ = ਖੁਸ਼ੀ ਦਾ ਜਲੌ
ਖੁਸ਼ ਪਰਬੀਨ = ਯੋਗ ਤੇ ਖੁਸ਼
ਖੁਸ਼ ਪਰਮਾਣ = ਪ੍ਰਸੰਨ ਚਿਤ
ਖੁਸ਼ ਪਾਲ = ਖੁਸ਼ ਰਹਿਣ ਵਾਲਾ
ਖੁਸ਼ ਪਿਆਰ = ਖੁਸ਼ੀ ਨਾਲ ਪਿਆਰ
ਖੁਸ਼ ਪੂਰ = ਪੂਰਾ ਪ੍ਰਸੰਨ ਚਿੱਤ
ਖੁਸ਼ ਪੂਰਨ = ਪੂਰਾ ਪ੍ਰਸੰਨ ਚਿੱਤ
ਖੁਸ਼ ਪ੍ਰਕਾਸ਼ = ਖੁਸ਼ੀ ਦਾ ਪ੍ਰਤੀਕ
ਖੁਸ਼ ਪ੍ਰਗਟ = ਖੁਸ਼ੀ ਦਾ ਪ੍ਰਤੀਕ
ਖੁਸ਼ ਪ੍ਰਤੀਕ = ਖੁਸ਼ੀ ਦਾ ਸੋਮਾ
ਖੁਸ਼ ਪ੍ਰਤੀਤ = ਪ੍ਰਸੰਨ ਚਿੱਤ
ਖੁਸ਼ ਪ੍ਰੀਤ = ਪਿਆਰ 'ਚ ਪ੍ਰਸੰਨ, ਖੁਸ਼ੀ ਨਾਲ ਪਿਆਰ
ਖੁਸ਼ ਪ੍ਰੇਮ = ਖੁਸ਼ੀ ਨਾਲ ਪਿਆਰ
ਖੁਸ਼ ਫ਼ਕੀਰ = ਖੁਸ਼ੀ ਤੇ ਨਿਮਰਤਾ ਵਾਲਾ
ਖੁਸ਼ ਫੁਲ = ਬਹੁਤ ਖੁਸ਼
ਖੁਸ਼ ਬਸੰਤ = ਬਹੁਤ ਅਨੰਦਿਤ
ਖੁਸ਼ ਬਹਾਰ = ਬਹੁਤ ਅਨੰਦਿਤ
ਖੁਸ਼ ਬਖ਼ਸ਼ = ਖੁਸ਼ੀਆਂ ਦੀ ਬਖ਼ਸ਼ ਵਾਲਾ
ਖੁਸ਼ ਬਖਸ਼ੀਸ਼ = ਖੁਸ਼ੀਆਂ ਦੀ ਬਖਸ਼ ਵਾਲਾ
ਖੁਸ਼ ਬਚਨ = ਖੁਸ਼ੀ ਦੇ ਬੋਲ
ਖੁਸ਼ ਬਲ = ਤਾਕਤਵਰ ਤੇ ਖੁਸ਼ ਜਾਂ ਤਾਕਤਵਰ ਹੋਣ 'ਤੇ ਖੁਸ਼ੀ
ਖੁਸ਼ ਬਾਗ = ਬਹੁਤ ਅਨੰਦਿਤ
ਖੁਸ਼ ਬੀਰ = ਬਹਾਦਰ ਤੇ ਖੁਸ਼
ਖੁਸ਼ ਬੁੱਧ = ਮਨ ਕਰਕੇ ਖੁਸ਼
ਖੁਸ਼ ਬੋਲ = ਖੁਸ਼ੀ ਦੇਣ ਵਾਲੇ ਬੋਲ
ਖੁਸ਼ ਬ੍ਰਹਮ = ਰੱਬੀ ਖੁਸ਼ੀ ਜਾਂ ਮਿਹਰ
ਖੁਸ਼ ਭਗਤ = ਭਗਤੀ 'ਚ ਖੁਸ਼
ਖੁਸ਼ ਭਗਵੰਤ = ਵਾਹਿਗੁਰੂ ਦੀ ਖੁਸ਼ੀ
ਖੁਸ਼ ਭਜਨ = ਬੰਦਗੀ ਦੀ ਖੁਸ਼ੀ
ਖੁਸ਼ ਭਜਨੀਕ = ਬੰਦਗੀ ਦੀ ਖੁਸ਼ੀ
ਖੁਸ਼ ਭਾਗ = ਚੰਗੀ ਕਿਸਮਤ ਵਾਲਾ
ਖੁਸ਼ ਭਾਨ = ਵੱਡੀ ਖੁਸ਼ੀ, ਸੂਰਜ ਵਾਂਗ ਚਮਕ
ਖੁਸ਼ ਮਸਕੀਨ = ਨਿਮਰਤਾ 'ਚ ਖੁਸ਼ੀ
ਖੁਸ਼ ਮਸਤ = ਮਸਤੀ 'ਚ ਅਨੰਦ
ਖੁਸ਼ ਮਹਿਮਾ = ਪ੍ਰਸੰਸਾ ਜਿੱਤਣ ਵਾਲਾ
ਖੁਸ਼ ਮਹੀਪ = ਖੁਸ਼ ਬਾਦਸ਼ਾਹ, ਰਾਜੇ ਵਾਂਗ ਖੁਸ਼

ਖ਼ੁਸ਼ ਮਹੇਸ਼ = ਮਹਾਨਤਾ ਦੀ ਖ਼ੁਸ਼ੀ
ਖ਼ੁਸ਼ ਮੰਗਲ = ਖ਼ੁਸ਼ੀ ਦਾ ਗੀਤ
ਖ਼ੁਸ਼ ਮਨੋਹਰ = ਸੁੰਦਰ ਤੇ ਖ਼ੁਸ਼
ਖ਼ੁਸ਼ ਮਲੂਕ = ਕੋਮਲ ਸੁਭਾਅ 'ਤੇ ਖ਼ੁਸ਼
ਖ਼ੁਸ਼ ਮਾਨ = ਵਡਿਆਈ ਪ੍ਰਾਪਤ
ਖ਼ੁਸ਼ ਮਾਨਸ = ਖ਼ੁਸ਼-ਤਬੀਅਤ
ਖ਼ੁਸ਼ ਮਾਨਵ = ਖ਼ੁਸ਼-ਤਬੀਅਤ
ਖ਼ੁਸ਼ ਮੀਤ = ਖ਼ੁਸ਼-ਤਬੀਅਤ ਮਿੱਤਰ
ਖ਼ੁਸ਼ਮੁਖ = ਖ਼ੁਸ਼-ਤਬੀਅਤ
ਖ਼ੁਸ਼ ਮੂਰਤ = ਸੁੰਦਰ ਸ਼ਖ਼ਸੀਅਤ
ਖ਼ੁਸ਼ ਮੂਲ = ਸਦਾ ਖ਼ੁਸ਼
ਖ਼ੁਸ਼ ਮੇਹਰ = ਕ੍ਰਿਪਾਲੂ ਤੇ ਖ਼ੁਸ਼
ਖ਼ੁਸ਼ ਮੋਹਣ = ਸੁੰਦਰ ਸ਼ਖ਼ਸੀਅਤ
ਖ਼ੁਸ਼ ਮੌਜ = ਅਨੰਦ ਚਿੱਤ
ਖ਼ੁਸ਼ ਮ੍ਰਿਗਿੰਦ = ਵੱਧ ਖ਼ੁਸ਼ੀ ਦਾ ਪ੍ਰਤੀਕ

ਖ਼ੁਸ਼ ਯਾਦ = ਰੱਬੀ ਯਾਦ 'ਚ ਖ਼ੁਸ਼ੀ
ਖ਼ੁਸ਼ ਰੰਗ = ਆਪਣੇ ਰੰਗ 'ਚ ਖ਼ੁਸ਼
ਖ਼ੁਸ਼ ਰਤਨ = ਮਹਾਨਤਾ ਦੀ ਖ਼ੁਸ਼ੀ
ਖ਼ੁਸ਼ ਰਾਜ = ਹੁਕਮਰਾਨ ਦੀ ਖ਼ੁਸ਼ੀ
ਖ਼ੁਸ਼ ਰੂਪ = ਸੁੰਦਰ ਸ਼ਖ਼ਸੀਅਤ
ਖ਼ੁਸ਼ ਲਾਇਕ = ਕਾਬਲ ਪੁਰਖ 'ਤੇ ਖ਼ੁਸ਼
ਖ਼ੁਸ਼ ਲਾਜ = ਅਣਖ ਦੀ ਖ਼ੁਸ਼ੀ
ਖ਼ੁਸ਼ ਲਾਭ = ਪ੍ਰਾਪਤੀ ਦੀ ਖ਼ੁਸ਼ੀ
ਖ਼ੁਸ਼ ਲਾਲ = ਸੁੰਦਰ ਸ਼ਖ਼ਸੀਅਤ
ਖ਼ੁਸ਼ ਲੀਨ = ਬੰਦਗੀ ਦੀ ਖ਼ੁਸ਼ੀ
ਖ਼ੁਸ਼ ਲੋਕ = ਖ਼ੁਸ਼-ਤਬੀਅਤ
ਖ਼ੁਸ਼ ਲੋਚ = ਆਸ ਰੱਖਣ ਦੀ ਖ਼ੁਸ਼ੀ
ਖ਼ੁਸ਼ ਵਚਨ = ਸ੍ਰੇਸ਼ਟ ਬੋਲ
ਖ਼ੁਸ਼ਵੰਤ = ਖ਼ੁਸ਼ੀ ਦਾ ਪ੍ਰਤੀਕ
ਖ਼ੁਸ਼ ਵਤਨ = ਮੁਲਕ ਦੀ ਖ਼ੁਸ਼ੀ
ਖ਼ੁਸ਼ ਵਰਿਆਮ = ਬਹਾਦਰੀ ਦੀ ਖ਼ੁਸ਼ੀ
ਖ਼ੁਸ਼ ਵਿਸੇਖ = ਚੰਗੇਪਣ ਦੀ ਖ਼ੁਸ਼ੀ
ਖ਼ੁਸ਼ ਵਿਗਾਸ = ਅਨੰਦ ਚਿੱਤ
ਖ਼ੁਸ਼ ਵੀਰ = ਬਹਾਦਰ ਤੇ ਖ਼ੁਸ਼

ਖ਼ੁਦਾ = ਪਰਮਾਤਮਾ, ਵਾਹਿਗੁਰੂ
ਖ਼ੁਦਾ ਏਕ = ਰੱਬੀ ਆਸਰਾ
ਖ਼ੁਦਾ ਸ਼ਰਨ = ਰੱਬੀ ਸ਼ਰਨ
ਖ਼ੁਦਾ ਸਰੂਪ = ਰੂਹਾਨੀ ਪੁਰਖ
ਖ਼ੁਦਾ ਸ਼ਾਨ = ਰੱਬੀ ਜਲੌ
ਖ਼ੁਦਾ ਜੀਤ = ਵਾਹਿਗੁਰੂ ਦੀ ਜਿੱਤ
ਖ਼ੁਦਾ ਜੋਤਿ = ਵਾਹਿਗੁਰੂ ਦੀ ਜੋਤ, ਮਹਾਨ ਜੋਤਿ
ਖ਼ੁਦਾ ਤੀਰਥ = ਰੱਬੀ ਨਾਮ
ਖ਼ੁਦਾ ਦਰਸ਼ = ਰੱਬੀ ਦੀਦਾਰ
ਖ਼ੁਦਾ ਦੀਪ = ਰੱਬੀ ਜੋਤਿ
ਖ਼ੁਦਾ ਨਾਮ = ਵਾਹਿਗੁਰੂ ਦਾ ਨਾਮ
ਖ਼ੁਦਾ ਪਾਲ = ਵਾਹਿਗੁਰੂ ਪਾਲਣਹਾਰਾ
ਖ਼ੁਦਾ ਪ੍ਰਕਾਸ਼ = ਰੱਬੀ ਜੋਤਿ
ਖ਼ੁਦਾ ਪ੍ਰੀਤ = ਰੱਬੀ ਪਿਆਰ
ਖ਼ੁਦਾ ਪ੍ਰੇਮ = ਰੱਬੀ ਪਿਆਰ
ਖ਼ੁਦਾ ਬਖ਼ਸ਼ = ਰੱਬੀ ਮਿਹਰ

ਖੇਮ = ਖ਼ੁਸ਼ੀ, ਅਨੰਦ, ਖੇੜਾ
[ਨੋਟ : ਖੇਮ ਸਿੰਘ ਆਪਣੇ ਆਪ 'ਚ ਬਹੁਤ ਸੁੰਦਰ ਨਾਂਵ ਹੈ ਅਤੇ ਇਸ ਦਾ ਆਕਾਰ ਵੀ ਛੋਟਾ ਹੈ, ਪਰ ਅਰਥ-ਭਰਪੂਰ ਹੈ।]
ਖੇਮ ਅਕਾਲ = ਰੱਬੀ ਖੇੜਾ
ਖੇਮ ਅਜੀਤ = ਵੱਡੀ ਖ਼ੁਸ਼ੀ, ਸਦੀਵੀ ਖੇੜਾ
ਖੇਮ ਅਨੰਤ = ਵੱਡੀ ਖ਼ੁਸ਼ੀ, ਸਦੀਵੀ ਖੇੜਾ
ਖੇਮ ਅਨੰਦ = ਵੱਡੀ ਖ਼ੁਸ਼ੀ, ਸਦੀਵੀ ਖੇੜਾ
ਖੇਮ ਅਨੂਪ = ਅਦਭੁੱਤ ਖ਼ੁਸ਼ੀ
ਖੇਮ ਅਮੋਲ = ਵੱਡੀ ਖ਼ੁਸ਼ੀ
ਖੇਮ ਇਕਬਾਲ = ਵੱਡੀ ਖ਼ੁਸ਼ੀ
ਖੇਮ ਇੰਦ = ਵੱਡੀ ਖ਼ੁਸ਼ੀ
ਖੇਮ ਇੰਦਰ = ਵੱਡੀ ਖ਼ੁਸ਼ੀ
ਖੇਮ ਈਸ਼ਰ = ਰੱਬੀ ਖ਼ੁਸ਼ੀ
ਖੇਮ ਸਤ = ਸੱਚਾ ਖੇੜਾ

ਖੇਮ ਸੰਤ = ਮਹਾਨ ਤਪੱਸਵੀ ਵਾਲੀ ਖ਼ੁਸ਼ੀ
ਖੇਮ ਸਮੁੰਦ = ਵੱਡੀ ਖ਼ੁਸ਼ੀ
ਖੇਮ ਸ਼ਰਨ = ਰੱਬੀ ਸ਼ਰਨ ਦਾ ਅਨੰਦ
ਖੇਮ ਸ਼ਾਨ = ਚੜ੍ਹਦੀ ਕਲਾ ਵਾਲੀ ਖ਼ੁਸ਼ੀ
ਖੇਮ ਸਿਦਕ = ਚੜ੍ਹਦੀ ਕਲਾ ਵਾਲੀ ਖ਼ੁਸ਼ੀ
ਖੇਮ ਸੁਖ = ਅਨੰਦ ਤੇ ਸੁੱਖ
ਖੇਮ ਕਮਲ = ਨਿਰਲੇਪਤਾ ਦੀ ਖ਼ੁਸ਼ੀ
ਖੇਮ ਕੰਵਲ = ਨਿਰਲੇਪਤਾ ਦੀ ਖ਼ੁਸ਼ੀ
ਖੇਮ ਗਗਨ = ਰੂਹਾਨੀ ਖ਼ੁਸ਼ੀ
ਖੇਮ ਗੋਬਿੰਦ = ਰੂਹਾਨੀ ਖ਼ੁਸ਼ੀ
ਖੇਮ ਚਰਨ = ਰੱਬੀ ਬੰਦਗੀ ਜਾਂ ਰੱਬੀ ਸ਼ਰਨ ਦੀ ਖ਼ੁਸ਼ੀ
ਖੇਮ ਚੜ੍ਹਤ = ਚੜ੍ਹਦੀ ਕਲਾ ਵਾਲੀ ਖ਼ੁਸ਼ੀ
ਖੇਮ ਚਿਤ = ਬੰਦਗੀ ਨਾਲ ਖ਼ੁਸ਼ੀ
ਖੇਮ ਚੀਤ = ਬੰਦਗੀ ਨਾਲ ਖ਼ੁਸ਼ੀ
ਖੇਮ ਚੇਤ = ਬੰਦਗੀ ਨਾਲ ਖ਼ੁਸ਼ੀ
ਖੇਮ ਚੈਨ = ਅਨੰਤ ਦੇ ਸੰਤੁਸ਼ਟ
ਖੇਮ ਜਸ = ਰੱਬੀ ਕੀਰਤ ਦੀ ਖ਼ੁਸ਼ੀ
ਖੇਮ ਜਗਤ = ਸੰਸਾਰ ਅੰਦਰ ਅਨੰਦਿਤ ਜੀਵਨ
ਖੇਮ ਜੰਤ = ਅਨੰਦਿਤ ਤੇ ਖ਼ੁਸ਼ੀ
ਖੇਮ ਜਨ = ਅਨੰਦਿਤ ਤੇ ਖ਼ੁਸ਼ੀ
ਖੇਮ ਜਪ = ਬੰਦਗੀ ਦੀ ਖ਼ੁਸ਼ੀ
ਖੇਮ ਜੀਤ = ਅਨੰਦ ਤੇ ਖੇੜੇ ਦੀ ਪ੍ਰਾਪਤੀ
ਖੇਮ ਜੋਤਿ = ਅਨੰਦਿਤ ਹਸਤੀ
ਖੇਮ ਜੋਧ = ਅਨੰਦਿਤ ਤੇ ਬਹਾਦਰ
ਖੇਮ ਟਹਿਕ = ਖ਼ੁਸ਼ ਤੇ ਪ੍ਰਸੰਨ
ਖੇਮ ਟਹਲ = ਸੇਵਾ ਕਰਨ ਦੀ ਖ਼ੁਸ਼ੀ
ਖੇਮ ਟੇਕ = ਰੱਬੀ ਆਸਰੇ ਦੀ ਖ਼ੁਸ਼ੀ
ਖੇਮ ਤਖ਼ਤ = ਰਾਜ ਪ੍ਰਾਪਤੀ ਦੀ ਖ਼ੁਸ਼ੀ
ਖੇਮ ਤੇਜ = ਉੱਚ ਜਲੌ ਦੀ ਖ਼ੁਸ਼ੀ
ਖੇਮ ਦਰਸ਼ = ਦੀਦਾਰ ਕਰਨ ਦੀ ਖ਼ੁਸ਼ੀ
ਖੇਮ ਦਰਸ਼ਨ = ਦੀਦਾਰ ਕਰਨ ਦੀ ਖ਼ੁਸ਼ੀ
ਖੇਮ ਦਿਆਲ = ਦਿਆਲ ਤੇ ਪ੍ਰਸੰਨ ਚਿੱਤ
ਖੇਮ ਦਿਲਦਾਰ = ਉਦਾਰ ਚਿੱਤ ਤੇ ਅਨੰਦਿਤ
ਖੇਮ ਦੀਪ = ਖ਼ੁਸ਼ੀ ਦਾ ਪ੍ਰਤੀਕ
ਖੇਮ ਦੇਵ = ਖ਼ੁਸ਼ੀਆਂ ਦਾ ਦੇਵਤਾ
ਖੇਮ ਦੌਲਤ = ਧਨ ਦੀ ਖ਼ੁਸ਼ੀ
ਖੇਮ ਧਰਮ = ਧਰਮੀ ਹੋਣ ਦੀ ਖ਼ੁਸ਼ੀ
ਖੇਮ ਧੀਰ = ਖ਼ੁਸ਼ੀ ਤੇ ਧੀਰਜ ਵਾਲਾ
ਖੇਮ ਨਸੀਬ = ਭਾਗਾਂ 'ਚ ਖ਼ੁਸ਼ੀ
ਖੇਮ ਨਰੈਣ = ਰੱਬੀ ਬਖ਼ਸ਼, ਅਨੰਦ ਦੀ ਮਿਹਰ
ਖੇਮ ਨਰੋਤਮ = ਮਹਾਨ ਵਿਅਕਤੀ ਜੋ ਅਨੰਦ 'ਚ ਹੈ
ਖੇਮ ਨਾਮ = ਰੱਬੀ ਨਾਂਵ ਦੀ ਖ਼ੁਸ਼ੀ
ਖੇਮ ਨਿਹਾਲ = ਭਲਾ ਤੇ ਅਨੰਦਿਤ
ਖੇਮ ਨਿਪੰਗ = ਸ਼ੁੱਧ ਹਿਰਦੇ ਤੇ ਅਨੰਦ ਵਾਲਾ
ਖੇਮ ਨਿਰਭੈ = ਨਿੱਡਰ ਤੇ ਅਨੰਦਿਤ
ਖੇਮ ਨਿਰਮਲ = ਸ਼ੁੱਧ ਹਿਰਦੇ ਵਾਲਾ ਤੇ ਖ਼ੁਸ਼
ਖੇਮ ਨਿਰਵੈਰ = ਵੈਰ ਰਹਿਤ ਤੇ ਪ੍ਰਸੰਨ
ਖੇਮ ਨਿਰੋਲ = ਭਲਾ ਤੇ ਅਨੰਦਿਤ
ਖੇਮ ਨੂਰ = ਖ਼ੁਸ਼ੀ ਦਾ ਪ੍ਰਤੀਕ
ਖੇਮ ਨੇਕ = ਭਲਾ ਤੇ ਅਨੰਦਿਤ
ਖੇਮ ਪਰਤਾਪ = ਉੱਚ ਜਲੌ ਦੀ ਖ਼ੁਸ਼ੀ
ਖੇਮ ਪਿਆਰ = ਖ਼ੁਸ਼ੀ ਨਾਲ ਪਿਆਰ
ਖੇਮ ਪੂਰਨ = ਪੂਰਾ ਅਨੰਦਿਤ
ਖੇਮ ਪ੍ਰਕਾਸ਼ = ਅਨੰਦ ਤੇ ਖੇੜੇ ਦੀ ਜੋਤਿ
ਖੇਮ ਪ੍ਰਤੀਤ = ਰੂਹਾਨੀ ਖ਼ੁਸ਼ੀ ਦਾ ਅਨੁਭਵ
ਖੇਮ ਪ੍ਰੀਤ = ਖ਼ੁਸ਼ੀ ਨਾਲ ਪਿਆਰ
ਖੇਮ ਪ੍ਰੇਮ = ਖ਼ੁਸ਼ੀ ਨਾਲ ਪਿਆਰ
ਖੇਮ ਫ਼ਕੀਰ = ਨਿਮਰਤਾ ਤੇ ਅਨੰਦ ਭਰਪੂਰ
ਖੇਮ ਫ਼ਤਹ = ਅਨੰਦ ਦੀ ਪ੍ਰਾਪਤੀ
ਖੇਮ ਬਸੰਤ = ਖ਼ੁਸ਼ੀਆਂ ਵਿਚ ਰਹਿਣ ਵਾਲਾ
ਖੇਮ ਬਖ਼ਸ਼ = ਖ਼ੁਸ਼ੀਆਂ ਤੇ ਅਨੰਦ ਦੀ ਬਖ਼ਸ਼
ਖੇਮ ਬਖ਼ਸ਼ੀਸ਼ = ਖ਼ੁਸ਼ੀਆਂ ਤੇ ਅਨੰਦ ਦੀ ਬਖ਼ਸ਼
ਖੇਮ ਬਲਹਾਰ = ਖ਼ੁਸ਼ੀ
ਖੇਮ ਬੀਰ = ਖ਼ੁਸ਼-ਤਬੀਅਤ ਤੇ ਬਹਾਦਰ
ਖੇਮ ਬੁੱਧ = ਸਿਆਣਾ ਤੇ ਖ਼ੁਸ਼
ਖੇਮ ਬੁਲੰਦ = ਖ਼ੁਸ਼ੀ

ਖੇਮ ਬੇਅੰਤ = ਰੂਹਾਨੀ ਖ਼ੁਸ਼ੀ
ਖੇਮ ਬ੍ਰਹਮ = ਰੂਹਾਨੀ ਖ਼ੁਸ਼ੀ
ਖੇਮ ਭਗਤ = ਬੰਦਗੀ ਵਾਲਾ ਖ਼ੁਸ਼
ਖੇਮ ਭਜਨ = ਬੰਦਗੀ ਵਾਲਾ ਖ਼ੁਸ਼
ਖੇਮ ਭਰਪੂਰ = ਪੂਰੀ ਖ਼ੁਸ਼ੀ
ਖੇਮ ਭਾਵਨ = ਅੰਦਰੋਂ ਖ਼ੁਸ਼
ਖੇਮ ਭੁਪੇਸ਼ = ਖ਼ੁਸ਼ੀ 'ਚ ਰਾਜਾ
ਖੇਮ ਭੂਪ = ਖ਼ੁਸ਼ੀ 'ਚ ਰਾਜਾ
ਖੇਮ ਰਮਣ = ਖ਼ੁਸ਼ੀ 'ਚ ਰਮਿਆ ਹੋਇਆ
ਖੇਮ ਰਾਜ = ਸੁਖੀ ਤੇ ਖ਼ੁਸ਼
ਖੇਮ ਰੂਪ = ਸੁਖੀ ਤੇ ਖ਼ੁਸ਼
ਖੇਮ ਲੀਨ = ਖ਼ੁਸ਼ੀ ਵਿਚ ਗੁਆਚਿਆ ਹੋਇਆ
ਖੇਮ ਲੋਕ = ਖ਼ੁਸ਼
ਖੇਮ ਵਡਭਾਗ = ਚੰਗੀ ਕਿਸਮਤ ਤੇ ਖ਼ੁਸ਼
ਖੇਮ ਵੰਤ = ਖ਼ੁਸ਼
ਖੇਮ ਵਰਿਆਮ = ਬਹਾਦਰ ਤੇ ਖ਼ੁਸ਼
ਖੇਮ ਵਿਸੇਖ = ਖ਼ੁਸ਼ ਭਰਪੂਰ
ਖੇਮ ਵਿਗਾਸ = ਖ਼ੁਸ਼ ਭਰਪੂਰ

ਗ

[ਹਰ ਨਾਂਵ ਨਾਲ 'ਸਿੰਘ' ਅਤੇ 'ਕੌਰ' ਲਗਾਓ]

ਗਹੀਰ = ਖ਼ਜ਼ਾਨਾ

ਗਹੌਰ = ਮੋਤੀ, ਕੁਦਰਤ

ਗਗਨ = ਅਰਸ਼, ਰੱਬੀ

ਗਗਨ ਅਕਾਲ = ਰੱਬੀ ਪ੍ਰਕਾਸ਼ ਜਾਂ ਜੋਤਿ

ਗਗਨ ਈਸ਼ਰ = ਰੱਬੀ ਪ੍ਰਕਾਸ਼ ਜਾਂ ਜੋਤਿ

ਗਗਨ ਏਕ = ਵਾਹਿਗੁਰੂ ਇਕ ਹੈ

ਗਗਨ ਸਰੂਪ = ਰੱਬੀ ਪ੍ਰਕਾਸ਼ ਜਾਂ ਜੋਤਿ

ਗਗਨ ਹਜ਼ੂਰ = ਰੱਬੀ ਪ੍ਰਕਾਸ਼ ਜਾਂ ਜੋਤਿ

ਗਗਨ ਕਰਮ = ਰੂਹਾਨੀ ਕੰਮ

ਗਗਨ ਕਿਰਨ = ਰੂਹਾਨੀ ਜੋਤਿ, ਰੱਬੀ ਪ੍ਰਕਾਸ਼

ਗਗਨ ਕੀਰਤ = ਰੂਹਾਨੀ ਮਹਿਮਾ

ਗਗਨ ਖੜਗ = ਰੱਬੀ ਸ਼ਕਤੀ

ਗਗਨ ਖ਼ੁਸ਼ = ਰੂਹਾਨੀ ਖ਼ੁਸ਼ੀ

ਗਗਨ ਖੇਡ = ਰੱਬੀ ਕਰਾਮਾਤ

ਗਗਨ ਖੇਮ = ਵੱਡੀ ਖ਼ੁਸ਼ੀ

ਗਗਨ ਗਹੀਰ = ਰੱਬੀ ਖ਼ਜ਼ਾਨਾ

ਗਗਨ ਚਰਨ = ਰੱਬੀ ਨਾਂਵ

ਗਗਨ ਜਗਤ = ਰੂਹਾਨੀ ਜਗਤ, ਸੰਸਾਰ

ਗਗਨ ਜੀਤ = ਰੱਬੀ ਫ਼ਤਹ

ਗਗਨ ਜੀਵ = ਸ੍ਰੇਸ਼ਟ ਵਿਅਕਤੀ

ਗਗਨ ਜੋਤਿ = ਸ੍ਰੇਸ਼ਟ ਵਿਅਕਤੀ, ਅਰਸ਼ੀ ਜੋਤਿ

ਗਗਨ ਜੋਧ = ਬਹਾਦਰ ਤੇ ਸ੍ਰੇਸ਼ਟ

ਗਗਨ ਟਹਕ = ਰੂਹਾਨੀ ਪ੍ਰਸੰਨਤਾ

ਗਗਨ ਟਹਲ = ਰੂਹਾਨੀ ਪ੍ਰਸੰਨਤਾ

ਗਗਨ ਟੇਕ = ਰੱਬੀ ਆਸਰਾ

ਗਗਨ ਠਾਕਰ = ਰੂਹਾਨੀ ਪੁਰਖ

ਗਗਨ ਤਕਦੀਰ = ਚੰਗੇ ਭਾਗ, ਚੰਗੀ ਕਿਸਮਤ

ਗਗਨ ਤਖ਼ਤ = ਰੂਹਾਨੀ ਸਿੰਘਾਸਨ, ਸ਼ਾਹੀ ਤਖ਼ਤ

ਗਗਨ ਤਤ = ਰੂਹਾਨੀ ਉਪਜ

ਗਗਨ ਤਪ = ਰੱਬੀ ਬੰਦਗੀ

ਗਗਨ ਤਾਜ = ਰੂਹਾਨੀ ਤਾਜ

ਗਗਨ ਤਾਨ = ਰੂਹਾਨੀ ਗੀਤ ਜਾਂ ਤਰਜ਼

ਗਗਨ ਤਾਲ = ਰੂਹਾਨੀ ਸੁਰ, ਰੱਬੀ ਜ਼ਬਤ

ਗਗਨ ਤੀਰ = ਰੱਬੀ ਸ਼ਕਤੀ

ਗਗਨ ਤੇਗ = ਰੱਬੀ ਸ਼ਕਤੀ

ਗਗਨ ਤੇਜ = ਰੂਹਾਨੀ ਪ੍ਰਤਾਪ

ਗਗਨ ਥੰਮ = ਰੱਬੀ ਓਟ

ਗਗਨ ਥਾਨ = ਪਵਿੱਤਰ ਧਰਤੀ

ਗਗਨ ਦਮਕ = ਅਕਾਸ਼ੀ ਚਮਕ

ਗਗਨ ਦਰਸ = ਰੂਹਾਨੀ ਦਰਸ਼ਨ

ਗਗਨ ਦਾਤ = ਰੱਬੀ ਬਖ਼ਸ਼

ਗਗਨ ਦਿਆ = ਰੱਬੀ ਰਹਿਮਤ

ਗਗਨ ਦਿਆਲ = ਰੱਬੀ ਰਹਿਮਤ

ਗਗਨ ਦੀਨ = ਰੱਬੀ ਇਸ਼ਟ

ਗਗਨਦੀਪ = ਰੱਬੀ ਜੋਤਿ

ਗਗਨ ਦੀਵਾਨ = ਅਕਾਸ਼ੀ ਜਾਂ ਰੂਹਾਨੀ ਦਰਬਾਰ

ਗਗਨ ਦੁਆਰ = ਰੂਹਾਨੀ ਥਾਂ

ਗਗਨ ਦੂਤ = ਰੱਬੀ ਦੇਵਤਾ

ਗਗਨ ਦੇਵ = ਮਹਾਨ ਅਸਥਾਨ, ਰੂਹਾਨੀ ਹਸਤੀ
ਗਗਨ ਦ੍ਰਿਸ਼ = ਰੱਬੀ ਝਾਕੀ
ਗਗਨ ਧਰਮ = ਰੂਹਾਨੀ ਵਿਸ਼ਵਾਸ
ਗਗਨ ਧਿਆਨ = ਰੱਬੀ ਬੰਦਗੀ
ਗਗਨ ਧੀਰ = ਸ਼ਾਂਤ ਸਰੂਪ
ਗਗਨ ਧੁੰਨ = ਰੂਹਾਨੀ ਗੀਤ
ਗਗਨ ਪਰਮ = ਸ਼ੁਭ ਗੁਣਾਂ ਵਾਲਾ, ਵੱਡੀ ਸ਼ਕਤੀ
ਗਗਨਪਾਲ = ਵਾਹਿਗੁਰੂ ਪਾਲਣਹਾਰਾ
ਗਗਨ ਪੁਸ਼ਪ = ਅਕਾਸ਼ੀ ਫੁੱਲ, ਰੂਹਾਨੀ ਖੁਸ਼ਬੂ
ਗਗਨ ਪੂਰਨ = ਵਾਹਿਗੁਰੂ ਪੂਰਾ ਹੈ
ਗਗਨ ਪ੍ਰਕਾਸ਼ = ਰੱਬੀ ਜੋਤਿ
ਗਗਨ ਪ੍ਰਤਾਪ = ਰੂਹਾਨੀ ਜਲੌ
ਗਗਨ ਪ੍ਰਤੀਤ = ਸੱਚਾ ਵਿਸ਼ਵਾਸ
ਗਗਨਪ੍ਰੀਤ = ਰੱਬੀ ਪਿਆਰ
ਗਗਨ ਪ੍ਰੇਮ = ਰੱਬੀ ਪਿਆਰ
ਗਗਨ ਫ਼ਕੀਰ = ਸ੍ਰੇਸ਼ਟ ਵਿਅਕਤੀ
ਗਗਨ ਫ਼ਤਹ = ਮਹਾਨ ਜਿੱਤ
ਗਗਨ ਫੁੱਲ = ਰੂਹਾਨੀ ਖੁਸ਼ਬੂ
ਗਗਨ ਬੰਸ = ਉੱਚਾ ਜਾਂ ਸ੍ਰੇਸ਼ਟ ਪਰਿਵਾਰ
ਗਗਨ ਬਸੰਤ = ਰੂਹਾਨੀ ਖੇੜਾ
ਗਗਨ ਬਹਾਦਰ = ਰੂਹਾਨੀ ਤੇ ਸੂਰਬੀਰ
ਗਗਨ ਬਹਾਲ = ਰੂਹਾਨੀ ਮੌਜ
ਗਗਨ ਬਖ਼ਸ਼ = ਰੱਬੀ ਮਿਹਰ
ਗਗਨ ਬਖ਼ਸ਼ੀਸ਼ = ਰੱਬੀ ਮਿਹਰ
ਗਗਨ ਬਲ = ਵੱਡੀ ਸ਼ਕਤੀ
ਗਗਨ ਬਲਹਾਰ = ਰੂਹਾਨੀਅਤ ਤੋਂ ਸਦਕੇ ਜਾਣਾ
ਗਗਨ ਬਲਕਾਰ = ਤਾਕਤਵਰ
ਗਗਨ ਬਾਗ = ਰੂਹਾਨੀ ਬਾਗ
ਗਗਨ ਬਾਜ਼ = ਵੱਡੀ ਸ਼ਕਤੀ
ਗਗਨ ਬਾਲ = ਰੱਬੀ ਬਾਰਿਕ
ਗਗਨ ਬਿਬੇਕ = ਰੱਬੀ ਗਿਆਨ
ਗਗਨਬੀਰ = ਬਹਾਦਰ ਤੇ ਸੂਰਬੀਰ
ਗਗਨ ਬੁੱਧ = ਰੱਬੀ ਗਿਆਨ
ਗਗਨ ਬੇਅੰਤ = ਰੱਬੀ ਸ਼ਕਤੀ ਅਥਾਹ
ਗਗਨ ਬੇਗ = ਤੇਜ਼ ਤੇ ਸ੍ਰੇਸ਼ਟ
ਗਗਨ ਬੇਦ = ਰੱਬੀ ਗਿਆਨ
ਗਗਨ ਬ੍ਰਹਮ = ਰੂਹਾਨੀ
ਗਗਨ ਭਗਤ = ਰੱਬੀ ਬੰਦਗੀ
ਗਗਨ ਭਜਨ = ਰੱਬੀ ਬੰਦਗੀ
ਗਗਨ ਭਜਨੀਕ = ਰੱਬੀ ਬੰਦਗੀ
ਗਗਨ ਭਰਪੂਰ = ਵਾਹਿਗੁਰੂ ਪੂਰਾ ਹੈ
ਗਗਨ ਭਾਗ = ਰੱਬੀ ਮਿਹਰ
ਗਗਨ ਭੁਪਿੰਦਰ = ਵੱਡੀ ਸ਼ਕਤੀ, ਰਾਜਾ
ਗਗਨ ਭੁਪੇਸ਼ = ਵੱਡੀ ਸ਼ਕਤੀ, ਰਾਜਾ
ਗਗਨ ਭੂਪ = ਵੱਡੀ ਸ਼ਕਤੀ, ਰਾਜਾ
ਗਗਨ ਭੇਖ = ਰੂਹਾਨੀ ਚੋਲਾ
ਗਗਨ ਮਸਕੀਨ = ਨਿਮਰਤਾ ਭਰਪੂਰ ਤੇ ਸ੍ਰੇਸ਼ਟ
ਗਗਨ ਮਸਤ = ਬੰਦਗੀ 'ਚ ਅਨੰਦਿਤ
ਗਗਨ ਮਹਿਕ = ਰੂਹਾਨੀ ਖੁਸ਼ਬੂ
ਗਗਨ ਮਕਰੰਦ = ਰੂਹਾਨੀ ਖੁਸ਼ਬੂ
ਗਗਨ ਮੰਗਲ = ਰੱਬੀ ਖੁਸ਼ੀ
ਗਗਨ ਮਜੀਠ = ਰੂਹਾਨੀ ਰੰਗ
ਗਗਨ ਮਤ = ਰੱਬੀ ਵਿਸ਼ਵਾਸ
ਗਗਨ ਮੰਤ = ਰੱਬੀ ਸਿਮਰਨ
ਗਗਨ ਮੰਤਰ = ਰੱਬੀ ਸਿਮਰਨ
ਗਗਨ ਮਨ = ਸੋਧਿਆ ਮਨ
ਗਗਨ ਮਨੋਹਰ = ਸੁੰਦਰ ਰੂਹਾਨੀਅਤ
ਗਗਨ ਮਲਾਹ = ਸ੍ਰੇਸ਼ਟ ਤੇ ਵੱਡਾ
ਗਗਨ ਮਲੂਕ = ਰੂਹਾਨੀਅਤ ਤੇ ਨਿਮਰਤਾ
ਗਗਨ ਮਾਨ = ਰੱਬੀ ਵਿਸ਼ਵਾਸ
ਗਗਨ ਮਿਹਰ = ਰੱਬੀ ਬਖ਼ਸ਼
ਗਗਨ ਮੀਤ = ਧਾਰਮਿਕਤਾ ਵਾਲਾ
ਗਗਨ ਮੀਰ = ਪ੍ਰਮੁੱਖ ਹਸਤੀ
ਗਗਨ ਮੁਕਤ = ਪ੍ਰਤੱਖ ਉੱਚ ਹਸਤੀ

ਗਗਨ ਮੁਖ = ਪ੍ਰਤੱਖ ਉੱਚ ਹਸਤੀ
ਗਗਨ ਮੂਰਤ = ਰੂਹਾਨੀ ਜੋਤਿ
ਗਗਨ ਮੇਲ = ਰੱਬੀ ਮਿਲਾਪ
ਗਗਨ ਮੋਹ = ਰੱਬੀ ਪਿਆਰ, ਮੋਹਿਆ ਜਾਣਾ
ਗਗਨ ਮੋਹਣ = ਰੱਬੀ ਪਿਆਰ, ਮੋਹਿਆ ਜਾਣਾ
ਗਗਨ ਮੋਖ = ਮੁਕਤ ਹਸਤੀ
ਗਗਨ ਮੌਜ = ਮੁਕਤ ਹਸਤੀ
ਗਗਨ ਯਾਦ = ਰੂਹਾਨੀ ਚਿੰਤਨ
ਗਗਨ ਯਾਰ = ਧਾਰਮਿਕ ਹਸਤੀ
ਗਗਨ ਯੋਗ = ਧਾਰਮਿਕ ਹਸਤੀ
ਗਗਨ ਰਸ = ਰੂਹਾਨੀ ਅਨੰਦ
ਗਗਨ ਰਸੂਲ = ਰੂਹਾਨੀ ਤੇ ਵੱਡੀ ਹਸਤੀ
ਗਗਨ ਰਹੀਮ = ਵਾਹਿਗੁਰੂ ਦਿਆਲੂ ਹੈ
ਗਗਨ ਰੰਗ = ਰੂਹਾਨੀ ਅਨੰਦ
ਗਗਨ ਰਾਗ = ਰੂਹਾਨੀ ਸੰਗੀਤ
ਗਗਨ ਰਾਜ = ਰੂਹਾਨੀ ਸਰਕਾਰ
ਗਗਨ ਰੀਤ = ਸ੍ਰੇਸ਼ਟ ਰਸਮ
ਗਗਨ ਰੂਪ = ਸ੍ਰੇਸ਼ਟ ਤੇ ਉੱਚੀ ਜੋਤਿ
ਗਗਨ ਰੌਸ਼ਨ = ਜਗਤ ਪ੍ਰਸਿੱਧ
ਗਗਨ ਲਾਇਕ = ਸ੍ਰੇਸ਼ਟ ਬੁੱਧੀ ਵਾਲਾ
ਗਗਨ ਲਾਜ = ਉੱਚਾ ਗੌਰਵ
ਗਗਨ ਲਾਲ = ਸ੍ਰੇਸ਼ਟ ਪੁਰਖ
ਗਗਨ ਲਿਵ = ਰੱਬੀ ਬੰਦਗੀ
ਗਗਨ ਲੀਨ = ਰੱਬੀ ਬੰਦਗੀ
ਗਗਨ ਲੋਕ = ਧਰਮੀ ਪੁਰਖ
ਗਗਨ ਲੋਚ = ਰੂਹਾਨੀ ਖਿੱਚ
ਗਗਨ ਵੰਸ = ਧਰਮੀ ਖ਼ਾਨਦਾਨ
ਗਗਨ ਵੰਤ = ਰੂਹਾਨੀ ਪੁਰਖ
ਗਗਨ ਵਰਿਆਮ = ਸ੍ਰੇਸ਼ਟ ਤੇ ਬਹਾਦਰ
ਗਗਨ ਵਿਸੇਖ = ਸਤਿਕਾਰਯੋਗ ਹਸਤੀ
ਗਗਨ ਵਿਗਾਸ = ਰੂਹਾਨੀ ਅਨੰਦ
ਗਗਨ ਵਿਵੇਕ = ਰੂਹਾਨੀ ਬੋਧ
ਗਗਨ ਵੀਰ = ਬਹਾਦਰ ਤੇ ਸ੍ਰੇਸ਼ਟ

ਗੰਗਾ = ਇਕ ਦਰਿਆ ਦਾ ਨਾਂ, ਜਿਸ ਨੂੰ ਹਿੰਦੂ ਪਵਿੱਤਰ ਜਾਂ ਤੀਰਥ ਮੰਨਦੇ ਹਨ।

ਗੱਜਣ = ਲਲਕਾਰ, ਪ੍ਰਤਾਪ
ਗਜਣ ਸਰੂਪ = ਲਲਕਾਰ, ਪ੍ਰਤਾਪ
ਗਜਣ ਬੀਰ = ਉੱਚ ਪ੍ਰਤਾਪੀ ਤੇ ਬਹਾਦਰ
ਗਜਣ ਰੂਪ = ਲਲਕਾਰ, ਪ੍ਰਤਾਪ
ਗਜਣ ਵੀਰ = ਉੱਚ ਪ੍ਰਤਾਪੀ ਤੇ ਬਹਾਦਰ
[ਨੋਟ: ਹੋਰ ਪਿਛੇਤਰ ਲਗਾ ਕੇ ਨਾਂਵ ਘੜ ਸਕਦੇ ਹੋ।]
ਗਜਪਾਲ = ਹਾਥੀ ਨੂੰ ਚਲਾਉਣ ਵਾਲਾ
ਗਜਰਾਜ = ਮਹਾਨ ਹਸਤੀ, ਹਾਥੀਆਂ ਦਾ ਰਾਜਾ

ਗਜਿੰਦਰ = ਇੰਦਰ, ਹਾਥੀਆਂ ਦਾ ਸਰਦਾਰ
ਗਜਿੰਦਰ ਸਰੂਪ = ਵੱਡਾ, ਸਰਦਾਰ
ਗਜਿੰਦਰ ਜੀਤ = ਜੇਤੂ ਸਰਦਾਰ
ਗਜਿੰਦਰ ਜੋਸ਼ = ਵੱਡਾ ਸਾਹਸ ਕਰਨ ਵਾਲਾ
ਗਜਿੰਦਰ ਜੋਤਿ = ਵੱਡਾ, ਸਰਦਾਰ
ਗਜਿੰਦਰ ਟੇਕ = ਵੱਡੇ ਦਾ ਆਸਰਾ
ਗਜਿੰਦਰ ਪਾਲ = ਵੱਡੇ ਦਾ ਆਸਰਾ
ਗਜਿੰਦਰ ਪਿਆਰ = ਮਹਾਨ ਹਸਤੀ ਨਾਲ ਪਿਆਰ
ਗਜਿੰਦਰ ਪ੍ਰਕਾਸ਼ = ਵੱਡੇਪਣ ਦਾ ਪ੍ਰਗਟ ਹੋਣਾ
ਗਜਿੰਦਰ ਪ੍ਰੀਤ = ਮਹਾਨ ਹਸਤੀ ਨਾਲ ਪਿਆਰ
ਗਜਿੰਦਰ ਪ੍ਰੇਮ = ਮਹਾਨ ਹਸਤੀ ਨਾਲ ਪਿਆਰ
ਗਜਿੰਦਰ ਬਖ਼ਸ਼ = ਮਹਾਨ ਹਸਤੀ ਵੱਲੋਂ ਮਿਹਰ
ਗਜਿੰਦਰ ਬਲ = ਵੱਡੀ ਸ਼ਕਤੀ ਦਾ ਪ੍ਰਤੀਕ
ਗਜਿੰਦਰ ਬੀਰ = ਵੱਡਾ ਤੇ ਬਹਾਦਰ
ਗਜਿੰਦਰ ਭੂਪ = ਵੱਡਾ ਰਾਜਾ
ਗਜਿੰਦਰ ਮੱਤ = ਵੱਡੇਪਣ ਦੀ ਜੁਗਤੀ
ਗਜਿੰਦਰ ਮਾਨ = ਵੱਡੇਪਣ ਦਾ ਗੌਰਵ
ਗਜਿੰਦਰ ਮੀਤ = ਵੱਡੀ ਹਸਤੀ ਦੀ ਨੇੜਤਾ ਜਾਂ ਮਿੱਤਰ

ਗਜਿੰਦਰ ਲੋਕ = ਵੱਡੇ ਲੋਕ

ਗਜਿੰਦਰ ਵੀਰ = ਵੱਡਾ ਤੇ ਬਹਾਦਰ

ਗਨੀਵ = ਧਨੀ, ਸੰਤੁਸ਼ਟ

ਗਮਦੂਰ = ਫ਼ਿਕਰ ਰਹਿਤ, ਬਚਿੰਤ

ਗਰਜ = ਲਲਕਾਰ

ਗਰਜ ਸਰੂਪ = ਲਲਕਾਰ

ਗਰਬ ਗੰਜਨ = ਹੰਕਾਰ ਤੋੜਨ ਵਾਲਾ

ਗਰਜ ਚੜ੍ਹਤ = ਚੜ੍ਹਦੀ ਕਲਾ ਵਾਲਾ

ਗਰਜ ਤੇਗ = ਚੜ੍ਹਦੀ ਕਲਾ ਵਾਲਾ

ਗਰਜ ਤੇਜ = ਚੜ੍ਹਦੀ ਕਲਾ ਵਾਲਾ

ਗਰਜ ਦਲੇਰ = ਚੜ੍ਹਦੀ ਕਲਾ ਵਾਲਾ

ਗਰਜ ਦੇਵ = ਚੜ੍ਹਦੀ ਕਲਾ ਵਾਲਾ

ਗਰਜ ਨਰ = ਚੜ੍ਹਦੀ ਕਲਾ ਵਾਲਾ

ਗਰਜ ਨਾਹਰ = ਚੜ੍ਹਦੀ ਕਲਾ ਵਾਲਾ

ਗਰਜ ਪਾਲ = ਚੜ੍ਹਦੀ ਕਲਾ ਵਾਲਾ

ਗਰਜ ਫ਼ਤਹ = ਚੜ੍ਹਦੀ ਕਲਾ ਵਾਲਾ

ਗਰਜ ਬਹਾਦਰ = ਬਹਾਦਰ ਦੀ ਲਲਕਾਰ

ਗਰਜ ਬਲਕਾਰ = ਚੜ੍ਹਦੀ ਕਲਾ ਵਾਲਾ

ਗਰਜ ਬਲਬੀਰ = ਚੜ੍ਹਦੀ ਕਲਾ ਵਾਲਾ

ਗਰਜ ਬੀਰ = ਚੜ੍ਹਦੀ ਕਲਾ ਵਾਲਾ

ਗਰਜ ਮ੍ਰਿਗਿੰਦ = ਵੱਡੀ ਗਰਜ

ਗਰਜਾ = ਲਲਕਾਰ

ਗਿਆਨ = ਬੋਧ, ਬੁੱਧ, ਸਮਝ

ਗਿਆਨ ਅਸੀਸ = ਗਿਆਨ ਦਾ ਅਸ਼ੀਰਵਾਦ

ਗਿਆਨ ਅਸ਼ੋਕ = ਗਿਆਨ ਜੋ ਚਿੰਤਾ ਰਹਿਤ ਕਰੇ

ਗਿਆਨ ਅਕਾਲ = ਪਰਮਾਰਥ ਦਾ ਬੋਧ

ਗਿਆਨ ਅੰਜਨ = ਗਿਆਨ ਦਾ ਸੁਰਮਾ, ਅਕਲ ਦਾ ਸਬਕ, ਰੂਹਾਨੀ ਸੂਝ

ਗਿਆਨ ਅਜੀਤ = ਪਰਮਾਰਥ ਦਾ ਗਿਆਨ

ਗਿਆਨ ਅਜੈ = ਗਿਆਨ ਦੀ ਮਹਿਮਾ

ਗਿਆਨ ਅਜੈਬ = ਅਦਭੁੱਤ ਗਿਆਨ

ਗਿਆਨ ਅਣਖ = ਗੌਰਵਤਾ ਦੀ ਸੂਝ

ਗਿਆਨ ਅੰਤਰ = ਰੂਹਾਨੀ ਸੂਝ

ਗਿਆਨ ਅਦੇਸ਼ = ਸਤਿਕਾਰ ਭਾਵਨਾ ਦੀ ਸੂਝ

ਗਿਆਨ ਅਨੰਤ = ਰੂਹਾਨੀ ਸੂਝ

ਗਿਆਨ ਅਨੰਦ = ਰੂਹਾਨੀ ਸੂਝ

ਗਿਆਨ ਅਨੂਪ = ਅਦਭੁੱਤ ਗਿਆਨ

ਗਿਆਨ ਅਮਨ = ਅੰਤਰ-ਸ਼ਾਂਤ ਲਈ ਗਿਆਨ

ਗਿਆਨ ਅਮਰ = ਸੱਚਾ ਬੋਧ, ਸਦੀਵੀ ਗਿਆਨ

ਗਿਆਨ ਅਮੋਲ = ਉੱਚਾ ਗਿਆਨ

ਗਿਆਨ ਅੰਮ੍ਰਿਤ = ਸੱਚਾ ਬੋਧ, ਸਦੀਵੀ ਗਿਆਨ

ਗਿਆਨ ਅਰਬਿੰਦ = ਉੱਚਾ ਗਿਆਨ

ਗਿਆਨ ਆਰਾਧ = ਰੱਬੀ ਗਿਆਨ

ਗਿਆਨ ਆਤਮ = ਰੂਹਾਨੀ ਬੋਧ

ਗਿਆਨ ਆਦਿ = ਸਦੀਵੀ ਗਿਆਨ, ਅਸਲ ਬੋਧ

ਗਿਆਨ ਆਲਮ = ਸੰਸਾਰ ਦਾ ਬੋਧ, ਮਹਾਨ ਬੋਧ

ਗਿਆਨ ਇਸ਼ਕ = ਪਿਆਰ ਦਾ ਗਿਆਨ

ਗਿਆਨ ਇਸ਼ਟ = ਸੱਚਾ ਸੇਵਕ

ਗਿਆਨ ਇਕ = ਪਰਮਾਰਥ ਦਾ ਗਿਆਨ, ਰੱਬੀ ਗਿਆਨ

ਗਿਆਨ ਇਕਾਗਰ = ਬੰਦਗੀ ਵਾਲਾ

ਗਿਆਨ ਇੱਛਕ = ਗਿਆਨ ਪ੍ਰਾਪਤੀ ਦੀ ਰੁੱਚੀ

ਗਿਆਨ ਇਜ਼ਤ = ਗ਼ੈਰਤਵੰਦ, ਗੌਰਵ ਵਾਲਾ

ਗਿਆਨ ਇੰਦਰ = ਖ਼ਾਹਿਸ਼ਾਂ 'ਤੇ ਕਾਬੂ ਰੱਖਣ ਵਾਲਾ

ਗਿਆਨ ਈਸ਼ਰ = ਰੱਬੀ ਗਿਆਨ

ਗਿਆਨ ਈਮਾਨ = ਰੱਬੀ ਵਿਸ਼ਵਾਸ

ਗਿਆਨ ਏਕ = ਰੱਬੀ ਗਿਆਨ

ਗਿਆਨ ਏਕਮ = ਰੱਬੀ ਗਿਆਨ

ਗਿਆਨ ਸੰਸਾਰ = ਸੰਸਾਰ ਦਾ ਗਿਆਨ

ਗਿਆਨ ਸਹਿਜ = ਕੁਦਰਤੀ ਜਾਂ ਭਾਵਨਾ ਭਰਪੂਰ ਗਿਆਨ
ਗਿਆਨ ਸੰਗਤ = ਸੰਗਤ ਦਾ ਪ੍ਰੇਮੀ
ਗਿਆਨ ਸੰਗੀਤ = ਸੰਗੀਤ ਮਾਹਰ
ਗਿਆਨ ਸਚ = ਸੱਚ ਦਾ ਮਾਰਗ
ਗਿਆਨ ਸਚੇਤ = ਸਿਆਣਾ ਪੁਰਸ਼
ਗਿਆਨ ਸੱਜਣ = ਦਿਆਲਪੁਣਾ, ਸਾਊ ਵਿਅਕਤੀ
ਗਿਆਨ ਸੰਤ = ਸ੍ਰੇਸ਼ਟਤਾ ਬਾਰੇ ਸੂਝ
ਗਿਆਨ ਸੱਤ = ਸੱਚ ਦਾ ਬੋਧ
ਗਿਆਨ ਸਤਿਕਾਰ = ਸ਼ਰਧਾ ਤੇ ਸਤਿਕਾਰ
ਗਿਆਨ ਸੰਤੋਖ = ਸਬਰ ਭਾਵਨਾ ਦਾ ਪ੍ਰਤੀਕ
ਗਿਆਨ ਸ਼ਬਦ = ਪਰਮਾਰਥ ਦਾ ਬੋਧ
ਗਿਆਨ ਸਮਰਥ = ਗਿਆਨਵਾਨ, ਭਰਪੂਰ ਸੋਝੀ ਵਾਲਾ
ਗਿਆਨ ਸਮੁੰਦ = ਅਥਾਹ ਬੋਧ ਵਾਲਾ
ਗਿਆਨ ਸ਼ਰਨ = ਵਿਦਵਤਾ ਦਾ ਆਸਰਾ
ਗਿਆਨ ਸਰਬੱਗ = ਦੈਵੀ ਸੂਝ
ਗਿਆਨ ਸਰਬੇਸ = ਉੱਤਮ ਸੋਚ ਦਾ ਧਾਰਨੀ
ਗਿਆਨ ਸਰੂਪ = ਸੁੰਦਰ ਤੇ ਸਿਆਣਾ
ਗਿਆਨ ਸਾਧ = ਸੱਚਾ ਪਰਮਾਰਥੀ
ਗਿਆਨ ਸ਼ਾਂਤ = ਗਿਆਨ ਸ਼ਾਂਤੀ ਪੈਦਾ ਕਰਦਾ ਹੈ
ਗਿਆਨ ਸ਼ਾਨ = ਗਿਆਨ, ਜੋ ਗੌਰਵ ਪੈਦਾ ਕਰੇ
ਗਿਆਨ ਸਿੰਗਾਰ = ਉੱਚੀ-ਸੁੱਚੀ ਸੋਚ ਵਾਲਾ
ਗਿਆਨ ਸਿਦਕ = ਗਿਆਨ, ਜੋ ਗੌਰਵ ਪੈਦਾ ਕਰੇ
ਗਿਆਨ ਸਿਮਰਨ = ਬੰਦਗੀ ਵਾਲਾ ਜਾਂ ਪਰਮਾਰਥ ਦਾ ਗਿਆਨ
ਗਿਆਨ ਸੀਤਲ = ਸ਼ਾਂਤੀ ਪੈਦਾ ਕਰਨ ਵਾਲਾ ਗਿਆਨ
ਗਿਆਨ ਸੁਖ = ਸ਼ਾਂਤੀ ਪੈਦਾ ਕਰਨ ਵਾਲਾ ਗਿਆਨ
ਗਿਆਨ ਸੁੰਦਰ = ਸ਼ਾਂਤੀ ਪੈਦਾ ਕਰਨ ਵਾਲਾ ਗਿਆਨ
ਗਿਆਨ ਸੁਰ = ਸ਼ਾਂਤੀ ਪੈਦਾ ਕਰਨ ਵਾਲਾ ਗਿਆਨ
ਗਿਆਨ ਸੁਰਜੀਤ = ਤਾਜ਼ਾ ਗਿਆਨ
ਗਿਆਨ ਸੂਰਤ = ਸ਼ਾਂਤੀ ਪੈਦਾ ਕਰਨ ਵਾਲਾ ਗਿਆਨ
ਗਿਆਨ ਸ਼ੇਰ = ਵਿਦਵਤਾ 'ਚ ਨਿੱਡਰ
ਗਿਆਨ ਸੇਵਕ = ਸੇਵਾ ਭਾਵਨਾ ਪੈਦਾ ਕਰਨ ਵਾਲਾ ਗਿਆਨ
ਗਿਆਨ ਸੋਹਣ = ਸ੍ਰੇਸ਼ਟ ਗਿਆਨ
ਗਿਆਨ ਸ਼ੋਭ = ਸ੍ਰੇਸ਼ਟ ਗਿਆਨ
ਗਿਆਨ ਸ੍ਰੇਸ਼ਟ = ਉੱਤਮ ਗਿਆਨ ਦਾ ਧਾਰਨੀ
ਗਿਆਨ ਹੰਸ = ਗੁਣੀ ਤੇ ਮਹਾਨ
ਗਿਆਨ ਹਕੀਕਤ = ਗੁਣੀ ਤੇ ਮਹਾਨ
ਗਿਆਨ ਹਜ਼ੂਰ = ਗੁਣੀ ਤੇ ਮਹਾਨ
ਗਿਆਨ ਹਰਿ = ਦੈਵੀ ਗਿਆਨ
ਗਿਆਨ ਹਲਤ = ਗੁਣੀ ਪੁਰਖ
ਗਿਆਨ ਹਿਤ = ਪਿਆਰ ਪੈਦਾ ਕਰਨ ਵਾਲਾ ਬੋਧ
ਗਿਆਨ ਹਿੰਮਤ = ਸਾਹਸ ਪੈਦਾ ਕਰਨ ਵਾਲਾ ਗਿਆਨ
ਗਿਆਨ ਹੀਰਾ = ਗੁਣੀ ਤੇ ਸ੍ਰੇਸ਼ਟ
ਗਿਆਨ ਹੁਸਨ = ਸੁੰਦਰ ਤੇ ਗਿਆਨੀ
ਗਿਆਨ ਹੇਮ = ਉੱਚ ਗਿਆਨ
ਗਿਆਨ ਕੰਚਨ = ਉੱਚ ਗਿਆਨ
ਗਿਆਨ ਕਮਲ = ਸ੍ਰੇਸ਼ਟ ਗਿਆਨ
ਗਿਆਨ ਕਰਮ = ਕਿਸਮਤ ਦਾ ਬੋਧ
ਗਿਆਨ ਕਲਾ = ਵਿਦਵਤਾ 'ਚ ਮਾਹਿਰ
ਗਿਆਨ ਕਿਰਪਾਲ = ਦਿਆਲੂ ਤੇ ਵਿਦਵਾਨ
ਗਿਆਨ ਕੀਰਤ = ਰੱਬੀ ਮਹਿਮਾ ਲਈ ਸੂਝ
ਗਿਆਨ ਕੋਮਲ = ਸ੍ਰੇਸ਼ਟ ਗਿਆਨ
ਗਿਆਨ ਖੰਡ = ਗਿਆਨ ਦਾ ਤਲ
ਗਿਆਨ ਖੜਗ = ਗਿਆਨ 'ਚ ਮਾਹਿਰ
ਗਿਆਨ ਖੇਮ = ਗਿਆਨ 'ਚ ਅਨੰਦਿਤ, ਮਹਾਂ ਅਨੰਦ ਲਈ ਸੂਝ

ਗਿਆਨ ਗੋਪਾਲ = ਮਹਾਂ ਗਿਆਨ
ਗਿਆਨ ਗੋਬਿੰਦ = ਮਹਾਂ ਗਿਆਨ
ਗਿਆਨ ਚਮਨ = ਮਹਾਂ ਗਿਆਨ
ਗਿਆਨ ਚਰਨ = ਮਹਾਂ ਗਿਆਨ
ਗਿਆਨ ਚੜ੍ਹਤ = ਚੜ੍ਹਦੀ ਕਲਾ ਵਾਲਾ ਗਿਆਨ
ਗਿਆਨ ਚਿੰਤਨ = ਪਰਮਾਰਥ ਦਾ ਗਿਆਨ
ਗਿਆਨ ਚੀਤ = ਪਰਮਾਰਥ ਦਾ ਗਿਆਨ
ਗਿਆਨ ਚੇਤ = ਪਰਮਾਰਥ ਦਾ ਗਿਆਨ
ਗਿਆਨ ਚੇਤਨ = ਪਰਮਾਰਥ ਦਾ ਗਿਆਨ
ਗਿਆਨ ਜਸ = ਰੱਬੀ ਮਹਿਮਾ ਲਈ ਗਿਆਨ
ਗਿਆਨ ਜਗਤ = ਸੰਸਾਰ ਦਾ ਬੋਧ
ਗਿਆਨ ਜਪ = ਬੰਦਗੀ ਕਰਨ ਦਾ ਬੋਧ
ਗਿਆਨ ਜਾਪ = ਬੰਦਗੀ ਕਰਨ ਦਾ ਬੋਧ
ਗਿਆਨ ਜੀਤ = ਜੀਵਨ 'ਚ ਸਫਲਤਾ ਲਈ ਗਿਆਨ
ਗਿਆਨ ਜੁਗਤ = ਵਿਦਵਤਾ ਪ੍ਰਾਪਤੀ ਲਈ ਮਾਹਿਰ
ਗਿਆਨ ਜੈ = ਗਿਆਨ ਦੀ ਫ਼ਤਹ
ਗਿਆਨ ਜੈਕਾਰ = ਗਿਆਨ ਦੀ ਫ਼ਤਹ
ਗਿਆਨ ਜੋਸ਼ = ਬੋਧ ਪ੍ਰਾਪਤੀ ਦਾ ਚਾਅ
ਗਿਆਨ ਜੋਗ = ਰੱਬੀ ਬੰਦਗੀ ਦਾ ਬੋਧ
ਗਿਆਨ ਜੋਤਿ = ਰੂਹਾਨੀ ਬੋਧ
ਗਿਆਨ ਝਲਕ = ਰੂਹਾਨੀ ਗਿਆਨ ਦਾ ਝਲਕਾਰਾ
ਗਿਆਨ ਟਹਲ = ਸੇਵਾ-ਭਾਵਨਾ ਵਾਲੀ ਬੁੱਧ
ਗਿਆਨ ਟਹਿਕ = ਪ੍ਰਸੰਨਤਾ ਪ੍ਰਾਪਤ ਗਿਆਨ
ਗਿਆਨ ਟੇਕ = ਗਿਆਨ ਦਾ ਆਸਰਾ
ਗਿਆਨ ਠਾਕਰ = ਪਰਮਾਰਥ ਦਾ ਬੋਧ
ਗਿਆਨ ਤਕਦੀਰ = ਆਪਣੀ ਕਿਸਮਤ ਦੀ ਸੂਝ
ਗਿਆਨ ਤਖ਼ਤ = ਉੱਚਾ ਗਿਆਨ
ਗਿਆਨ ਤੰਤ = ਕਰਾਮਾਤੀ ਬੋਧ
ਗਿਆਨ ਤਪ = ਬੰਦਗੀ ਭਾਵ ਵਾਲਾ
ਗਿਆਨ ਤਾਜ = ਉੱਚਾ ਗਿਆਨ
ਗਿਆਨ ਤੀਰਥ = ਰੂਹਾਨੀ ਬੋਧ
ਗਿਆਨ ਤੇਗ = ਗਿਆਨ ਸ਼ਕਤੀ
ਗਿਆਨ ਤੇਜ = ਤਿੱਖਾ ਗਿਆਨ, ਡੂੰਘਾ ਗਿਆਨ
ਗਿਆਨ ਤ੍ਰਿਪਤ = ਗਿਆਨ ਤੋਂ ਸੰਤੁਸ਼ਟ
ਗਿਆਨ ਦਇਆ = ਦਿਆਲੂ-ਪੁਣਾ
ਗਿਆਨ ਦਰਸ = ਧਾਰਮਿਕ ਫ਼ਿਲਾਸਫ਼ੀ ਦਾ ਬੋਧ
ਗਿਆਨ ਦਰਸ਼ਨ = ਧਾਰਮਿਕ ਫ਼ਿਲਾਸਫ਼ੀ ਦਾ ਬੋਧ
ਗਿਆਨ ਦਰਵੇਸ਼ = ਨਿਮਰਤਾ ਬਾਰੇ ਬੋਧ
ਗਿਆਨ ਦਿਆਲ = ਭਲਾ ਪੁਰਖ
ਗਿਆਨ ਦਿਤ = ਪਰਮਾਤਮਾ ਜਾਂ ਦਾਤ ਦੇਣ ਵਾਲੇ ਦਾ ਬੋਧ
ਗਿਆਨ ਦਿਲਬਰ = ਭਲਾ ਪੁਰਖ
ਗਿਆਨ ਦੀਸ਼ = ਪਰਮਾਰਥ ਦਾ ਗਿਆਨ
ਗਿਆਨ ਦੀਪ = ਜੋਤਿ ਦਾ ਗਿਆਨ
ਗਿਆਨ ਦੇਵ = ਰੱਬੀ ਜੋਤਿ ਦਾ ਗਿਆਨ
ਗਿਆਨ ਧਰਮ = ਸ਼ੁਭ ਕਰਮਾਂ ਬਾਰੇ ਸੂਝ
ਗਿਆਨ ਧਿਆਨ = ਬੰਦਗੀ ਕਰਨ ਵਾਲਾ
ਗਿਆਨ ਨਸੀਬ = ਕਿਸਮਤ ਬਾਰੇ ਸੂਝ
ਗਿਆਨ ਨਰੈਣ = ਰੱਬੀ ਗਿਆਨ

[ਨੋਟ : 'ਗਿਆਨ' ਨਾਲ 'ਨ' ਵਾਲੇ ਹੋਰ ਪਿਛੇਤਰ ਲਗਾਉਣ ਨਾਲ ਉਚਾਰਨ ਅਸੰਭਵ ਹੋ ਸਕਦਾ ਹੈ। ਪੰਜਾਬੀ ਵਿਚ ਤਾਂ ਹੋ ਸਕਦਾ ਹੈ, ਪਰ ਜਦ ਇਹੀ ਨਾਂਵ ਅੰਗਰੇਜ਼ੀ 'ਚ ਲਿਖਿਆ ਜਾਵੇ ਤਾਂ ਦੋਹਰੇ 'N' ਕਾਰਨ ਉਚਾਰਣ ਔਖਾ ਹੋ ਜਾਵੇਗਾ।]

ਗਿਆਨ ਪਹਿਲ = ਗਿਆਨ ਦਾ ਧਾਰਨੀ
ਗਿਆਨ ਪੰਕਜ = ਗਿਆਨ ਦਾ ਪ੍ਰਤੀਕ
ਗਿਆਨ ਪੰਚ = ਬੋਧ ਭਰਪੂਰ ਵਿਅਕਤੀ
ਗਿਆਨ ਪਤ = ਬੋਧ ਕਰਕੇ ਸਤਿਕਾਰ ਦਾ ਪਾਤਰ
ਗਿਆਨ ਪਦਮ = ਗਿਆਨ ਦਾ ਪ੍ਰਤੀਕ
ਗਿਆਨ ਪਰਗਟ = ਗਿਆਨਵਾਨ ਵਿਅਕਤੀ
ਗਿਆਨ ਪਰਤਾਪ = ਗਿਆਨ ਦਾ ਗੌਰਵ

ਗਿਆਨ ਪਰਬੀਨ = ਗਿਆਨ 'ਚ ਮਾਹਿਰ
ਗਿਆਨ ਪਰਮ = ਗਿਆਨਵਾਨ
ਗਿਆਨ ਪਾਕ = ਸੱਚਾ ਗਿਆਨ
ਗਿਆਨ ਪਾਰਸ = ਪ੍ਰਭਾਵਸ਼ਾਲੀ ਵਿਦਵਾਨ
ਗਿਆਨ ਪਾਲ = ਗਿਆਨਵਾਨ
ਗਿਆਨ ਪਿਆਰ = ਗਿਆਨ ਦਾ ਧਾਰਨੀ
ਗਿਆਨ ਪੂਜ = ਗਿਆਨ ਦਾ ਪੁਜਾਰੀ
ਗਿਆਨ ਪੂਰਨ = ਗਿਆਨ 'ਚ ਪ੍ਰਬੀਨ
ਗਿਆਨ ਪ੍ਰਕਾਸ਼ = ਗਿਆਨਵਾਨ ਵਿਅਕਤੀ
ਗਿਆਨ ਪ੍ਰਚੰਡ = ਤੇਜ, ਬਲਵਾਨ
ਗਿਆਨ ਪ੍ਰਤੀਕ = ਗਿਆਨਵਾਨ
ਗਿਆਨ ਪ੍ਰਮੁੱਖ = ਗਿਆਨ 'ਚ ਪ੍ਰਬੀਨ
ਗਿਆਨ ਪ੍ਰੀਤ = ਗਿਆਨ ਦਾ ਧਾਰਨੀ
ਗਿਆਨ ਪ੍ਰੇਮ = ਗਿਆਨ ਦਾ ਧਾਰਨੀ
ਗਿਆਨ ਫ਼ਕੀਰ = ਨਿਮਰਤਾ ਵਾਲਾ ਵਿਦਵਾਨ
ਗਿਆਨ ਫ਼ਤਹ = ਵਿਦਵਤਾ ਵਾਲੇ ਦੀ ਜਿੱਤ
ਗਿਆਨ ਬਸੰਤ = ਪ੍ਰਸੰਨਤਾ ਭਰਪੂਰ ਵਿਦਵਾਨ
ਗਿਆਨ ਬਖ਼ਸ਼ = ਵਿਦਵਾਨ ਦੀ ਬਖ਼ਸ਼
ਗਿਆਨ ਬਖ਼ਸ਼ਿੰਦ = ਵਿਦਵਾਨ ਦੀ ਬਖ਼ਸ਼
ਗਿਆਨ ਬਖ਼ਸ਼ੀਸ਼ = ਵਿਦਵਾਨ ਦੀ ਬਖ਼ਸ਼
ਗਿਆਨ ਬਚਿੰਤ = ਬੇ-ਫ਼ਿਕਰੀ, ਚਿੰਤਾ ਰਹਿਤ ਹੋਣ ਲਈ ਸੂਝ
ਗਿਆਨ ਬਲ = ਮਹਾਂ ਵਿਦਵਾਨ
ਗਿਆਨ ਬਲਿਹਾਰ = ਅਨੰਦਿਤ ਪੁਰਖ
ਗਿਆਨ ਬਲਕਾਰ = ਬਹਾਦਰ
ਗਿਆਨ ਬਲੰਦ = ਚੜ੍ਹਦੀ ਕਲਾ ਵਾਲਾ
ਗਿਆਨ ਬਲਵੀਰ = ਚੜ੍ਹਦੀ ਕਲਾ ਵਾਲਾ
ਗਿਆਨ ਬਿਬੇਕ = ਭਰਪੂਰ ਵਿਦਵਤਾ, ਤੀਖਣ ਬੁੱਧੀ
ਗਿਆਨ ਬੀਰ = ਬਹਾਦਰ ਤੇ ਸੂਝਵਾਨ
ਗਿਆਨ ਬੇਅੰਤ = ਪਰਮਾਰਥ ਦਾ ਬੋਧ
ਗਿਆਨ ਬੇਗ = ਤੀਖਣ ਬੁੱਧੀ
ਗਿਆਨ ਬ੍ਰਹਮ = ਪਰਮਾਰਥ ਦਾ ਗਿਆਨ
ਗਿਆਨ ਭਗਤ = ਪਰਮਾਰਥ ਦਾ ਗਿਆਨ
ਗਿਆਨ ਭਰਪੂਰ = ਵਿਦਵਤਾ 'ਚ ਪ੍ਰਬੀਨ
ਗਿਆਨ ਭਾਨ = ਵਿਦਵਤਾ 'ਚ ਪ੍ਰਬੀਨ
ਗਿਆਨ ਭੁਪੇਸ਼ = ਵਿਦਵਤਾ 'ਚ ਪ੍ਰਬੀਨ
ਗਿਆਨ ਭੂਪ = ਵਿਦਵਤਾ 'ਚ ਪ੍ਰਬੀਨ
ਗਿਆਨ ਭੂਪਤ = ਵਿਦਵਤਾ 'ਚ ਪ੍ਰਬੀਨ
ਗਿਆਨ ਮਸਤ = ਮਤਵਾਲਾ ਵਿਦਵਾਨ
ਗਿਆਨ ਮਹਿਤਾਬ = ਉੱਚਾ ਗਿਆਨ
ਗਿਆਨ ਮਹਿਮਾ = ਵਿਦਵਤਾ ਦੀ ਮਹਾਨਤਾ
ਗਿਆਨ ਮਹੀਪ = ਪਰਮਾਰਥ ਦਾ ਬੋਧ
ਗਿਆਨ ਮਹੇਸ਼ = ਪਰਮਾਰਥ ਦਾ ਬੋਧ
ਗਿਆਨ ਮੰਗਲ = ਖ਼ੁਸ਼ੀ ਪ੍ਰਦਾਨ ਕਰਨ ਵਾਲਾ ਗਿਆਨ
ਗਿਆਨ ਮਨੋਹਰ = ਮਨ ਜਿੱਤਣ ਵਾਲਾ ਬੋਧ
ਗਿਆਨ ਮਾਨਵ = ਮਨੁੱਖਤਾ ਦਾ ਗਿਆਨ
ਗਿਆਨ ਮੇਹਰ = ਬੁੱਧ ਦੀ ਬਖ਼ਸ਼
ਗਿਆਨ ਰਸ = ਖ਼ੁਸ਼ੀ ਪ੍ਰਦਾਨ ਕਰਨ ਵਾਲਾ ਗਿਆਨ
ਗਿਆਨ ਰੰਗ = ਖ਼ੁਸ਼ੀ ਪ੍ਰਦਾਨ ਕਰਨ ਵਾਲਾ ਗਿਆਨ
ਗਿਆਨ ਰੂਪ = ਖ਼ੁਸ਼ੀ ਪ੍ਰਦਾਨ ਕਰਨ ਵਾਲਾ ਗਿਆਨ
ਗਿਆਨ ਲਿਵ = ਬੰਦਗੀ ਲਈ ਬੋਧ
ਗਿਆਨ ਲੀਨ = ਬੰਦਗੀ ਲਈ ਬੋਧ
ਗਿਆਨ ਵੰਤ = ਵਿਦਵਤਾ 'ਚ ਪ੍ਰਬੀਨ
ਗਿਆਨ ਵਾਨ = ਵਿਦਵਤਾ 'ਚ ਪ੍ਰਬੀਨ
ਗਿਆਨ ਵੀਰ = ਵਿਦਵਤਾ 'ਚ ਪ੍ਰਬੀਨ
ਗਿਰਧਾਰਾ = ਕ੍ਰਿਸ਼ਨ, ਹਿੰਦੂ ਦੇਵਤਾ ਦਾ ਨਾਂਵ
ਗੁਜਰ = ਮੱਝਾਂ ਗਾਂਈਆਂ ਰੱਖਣ ਵਾਲੇ, ਖੱਤਰੀਆਂ ਦੀ ਇਕ ਜਾਤ

ਗੁਣ = ਵਿਸ਼ੇਸ਼ਤਾਈ, ਖ਼ਾਸੀਅਤ
ਗੁਣ ਅਕਾਲ = ਰੱਬੀ ਗੁਣ
ਗੁਣ ਅਨੰਦ = ਚੜ੍ਹਦੀ ਕਲਾ ਵਾਲਾ
ਗੁਣ ਇਕਬਾਲ = ਗੁਣਾਂ ਦਾ ਧਾਰਨੀ

ਗੁਣ ਇੰਦ = ਮਹਾਨ ਗੁਣ
ਗੁਣ ਇੰਦਰ = ਮਹਾਨ ਗੁਣ
ਗੁਣ ਇਮਾਨ = ਈਮਾਨਦਾਰੀ ਦਾ ਗੁਣ
ਗੁਣ ਈਸ਼ਰ = ਰੱਬੀ ਗੁਣ
ਗੁਣ ਏਕ = ਰੱਬੀ ਗੁਣ
ਗੁਣ ਸਹਿਜ = ਕੁਦਰਤੀ ਗੁਣ
ਗੁਣ ਸ਼ੰਕਰ = ਕੁਦਰਤੀ ਗੁਣ
ਗੁਣ ਸੰਗਤ = ਰਲ ਬੈਠਣ ਦਾ ਗੁਣ
ਗੁਣ ਸ਼ੰਗਾਰ = ਸੱਜਣ ਦਾ ਗੁਣ
ਗੁਣ ਸੰਗੀਤ = ਸੰਗੀਤ ਦਾ ਮਾਹਰ
ਗੁਣ ਸਚਿਆਰ = ਸੱਚੇ ਜੀਵਨ ਵਾਲਾ
ਗੁਣ ਸਜਣ = ਮਿੱਤਰਤਾ ਦਾ ਗੁਣ
ਗੁਣ ਸੰਤ = ਸੱਚਾ ਵਿਅਕਤੀ
ਗੁਣ ਸਤਿ = ਸੱਚਾ ਵਿਅਕਤੀ
ਗੁਣ ਸਤਿਕਾਰ = ਆਦਰ ਭਾਵ ਵਾਲਾ
ਗੁਣ ਸੰਤੋਖ = ਸਬਰ ਵਾਲਾ
ਗੁਣ ਸਨੇਹ = ਆਦਰ ਭਾਵ ਵਾਲਾ
ਗੁਣ ਸ਼ਮਸ਼ੇਰ = ਗੁਣਾਂ 'ਚ ਪਰਪੱਕ
ਗੁਣ ਸਮਰਥ = ਗੁਣਾਂ 'ਚ ਪਰਪੱਕ
ਗੁਣ ਸਮੁੰਦ = ਬਹੁਤ ਗੁਣਾਂ ਦਾ ਖ਼ਜ਼ਾਨਾ
ਗੁਣ ਸਮੂਹ = ਬਹੁਤ ਗੁਣਾਂ ਦਾ ਖ਼ਜ਼ਾਨਾ
ਗੁਣ ਸ਼ਰਨ = ਗੁਣਾਂ ਦਾ ਧਾਰਨੀ
ਗੁਣ ਸਰਬਗ = ਰੂਹਾਨੀ ਗੁਣ
ਗੁਣ ਸਰੂਪ = ਪਤਿਵੰਤਾ
ਗੁਣ ਸ਼ਾਹ = ਗੁਣਾਂ ਦਾ ਵੱਡਾ
ਗੁਣ ਸਾਹਿਤ = ਸਾਹਿਤਕਾਰ
ਗੁਣ ਸਾਗਰ = ਗੁਣਾਂ ਦਾ ਸਮੁੰਦ
ਗੁਣ ਸਾਜਨ = ਮਿੱਤਰਤਾ ਵਾਲਾ
ਗੁਣ ਸ਼ਾਨ = ਗੁਣਾਂ 'ਚ ਗੌਰਵਤਾ
ਗੁਣ ਸਿਦਕ = ਗੁਣਾਂ 'ਚ ਗੌਰਵਤਾ
ਗੁਣ ਸਿਮਰ = ਬੰਦਗੀ ਵਾਲਾ
ਗੁਣ ਸਿਮਰਨ = ਬੰਦਗੀ ਵਾਲਾ
ਗੁਣ ਸ਼ਿੰਗਾਰ = ਗੁਣਾਂ 'ਚ ਪ੍ਰਬੀਨ
ਗੁਣ ਸੀਤਲ = ਨਿਮਰਤਾ ਭਰਪੂਰ
ਗੁਣ ਸੁਹੇਲ = ਗੁਣਾਂ 'ਚ ਅਨੰਦਿਤ
ਗੁਣ ਸੁਖ = ਗੁਣਾਂ 'ਚ ਅਨੰਦਿਤ
ਗੁਣ ਸੁਚੇਤ = ਗੁਣਾਂ 'ਚ ਅਨੰਦਿਤ
ਗੁਣ ਸੁਜਾਨ = ਗੁਣਾਂ 'ਚ ਅਨੰਦਿਤ
ਗੁਣ ਸੁੰਦਰ = ਗੁਣਾਂ 'ਚ ਅਨੰਦਿਤ
ਗੁਣ ਸੁਰਜੀਤ = ਸਦਾ ਗੁਣਾਂ ਵਾਲਾ
ਗੁਣ ਸ਼ੇਰ = ਗੁਣਾਂ 'ਚ ਪਰਪੱਕ
ਗੁਣ ਸੇਵ = ਸੇਵਾ ਦਾ ਗੁਣ
ਗੁਣ ਸੇਵਕ = ਸੇਵਾ ਦਾ ਗੁਣ
ਗੁਣ ਸ਼ੋਭ = ਗੁਣਾਂ 'ਚ ਸਤਿਕਾਰ ਵਾਲਾ
ਗੁਣ ਸ੍ਰੇਸ਼ਟ = ਪਤਿਵੰਤਾ
ਗੁਣ ਹਜ਼ੂਰ = ਵੱਡੇਪਣ ਦਾ ਗੁਣ
ਗੁਣ ਹਮੀਰ = ਵੱਡੇਪਣ ਦਾ ਗੁਣ
ਗੁਣ ਹਿਤਕਾਰ = ਦੋਸਤਾਨਾ ਗੁਣ
ਗੁਣ ਹਿੰਮਤ = ਸਾਹਸ ਵਾਲਾ
ਗੁਣ ਹੀਰਾ = ਉੱਚਾ ਗੁਣ
ਗੁਣ ਹੁਸਨ = ਸੁੰਦਰਤਾ ਦਾ ਪ੍ਰਤੀਕ
ਗੁਣ ਹੁਨਰ = ਹੁਨਰੀ ਕੰਮ
ਗੁਣ ਹੇਮ = ਨਿਮਰਤਾ ਦਾ ਗੁਣ
ਗੁਣ ਕੰਚਨ = ਸੁਨਹਿਰੀ ਗੁਣ ਜਾਂ ਉੱਚੇ ਗੁਣ
ਗੁਣ ਕਮਲ = ਉੱਚ ਗੁਣੀ
ਗੁਣ ਕਮਾਲ = ਉੱਚ ਗੁਣੀ
ਗੁਣ ਕਰਮ = ਨਿਮਰਤਾ ਦਾ ਗੁਣ
ਗੁਣ ਕਲਾ = ਕਲਾਕਾਰ
ਗੁਣ ਕਲਿਆਣ = ਭਲਾਈ ਦਾ ਗੁਣ
ਗੁਣ ਕੰਵਲ = ਨਿਰਲੇਪ, ਸ਼ੁਭ ਗੁਣੀ
ਗੁਣ ਕਾਬਲ = ਸੂਝ-ਬੂਝ ਦਾ ਗੁਣ
ਗੁਣਕਾਰ = ਗੁਣਾਂ ਦੇ ਕਰਨ ਵਾਲਾ
ਗੁਣ ਕਿਰਪਾਲ = ਦਿਆਲੂ ਗੁਣ
ਗੁਣ ਕੀਰਤ = ਰੱਬੀ ਵਡਿਆਈ ਦਾ ਗੁਣ
ਗੁਣ ਕੁਲਤਾਰ = ਖ਼ਾਨਦਾਨ ਦਾ ਉਪਕਾਰੀ
ਗੁਣ ਕੁਲਦੇਵ = ਖ਼ਾਨਦਾਨ ਦਾ ਉਪਕਾਰੀ
ਗੁਣ ਕੋਮਲ = ਨਿਮਰਤਾ ਦਾ ਗੁਣ
ਗੁਣ ਖੜਗ = ਸ਼ਕਤੀ ਦਾ ਗੁਣ

ਗੁਣ ਖ਼ਾਲਸ = ਸ਼ੁੱਧਤਾ ਵਾਲਾ
ਗੁਣ ਖੀਵਾ = ਖ਼ੁਸ਼-ਤਬੀਅਤ
ਗੁਣ ਖ਼ੁਸ਼ਹਾਲ = ਖ਼ੁਸ਼-ਤਬੀਅਤ
ਗੁਣ ਖ਼ੁਸ਼ਪਾਲ = ਖ਼ੁਸ਼-ਤਬੀਅਤ
ਗੁਣ ਖੇਮ = ਖ਼ੁਸ਼-ਤਬੀਅਤ
ਗੁਣ ਗਹੀਰ = ਗੁਣਾਂ ਕਰਕੇ ਗੰਭੀਰ; ਗੁਣਾਂ ਦਾ ਸਮੁੰਦਰ
ਗੁਣ ਗਗਨ = ਰੂਹਾਨੀ ਗੁਣ
ਗੁਣ ਗਰਜ = ਚੜ੍ਹਦੀ ਕਲਾ ਵਾਲਾ ਗੁਣ
ਗੁਣ ਗਾਮ = ਗੁਣਾਂ ਦਾ ਧਾਰਨੀ
ਗੁਣ ਗਿਆਨ = ਉੱਚੀ ਬੁੱਧ ਵਾਲਾ
ਗੁਣ ਗੀਤ = ਗੀਤ ਰਚਣ ਦਾ ਗੁਣ
ਗੁਣ ਗੋਪਾਲ = ਰੱਬੀ ਗੁਣ
ਗੁਣ ਗੋਬਿੰਦ = ਰੱਬੀ ਗੁਣ
ਗੁਣ ਚਤਰ = ਸਿਆਣਾ ਪੁਰਖ
ਗੁਣ ਚੰਦ = ਸੁੰਦਰਤਾ ਦਾ ਗੁਣ
ਗੁਣ ਚੰਦਨ = ਗੁਣਾਂ ਦਾ ਪ੍ਰਤੀਕ
ਗੁਣ ਚਮਨ = ਗੁਣਾਂ ਦਾ ਪ੍ਰਤੀਕ
ਗੁਣ ਚਰਨ = ਰੱਬੀ ਨਾਂਵ ਦਾ ਧਾਰਨੀ
ਗੁਣ ਚੜ੍ਹਤ = ਚੜ੍ਹਦੀ ਕਲਾ ਵਾਲਾ
ਗੁਣ ਚਾਰ = ਬਹੁ-ਪੱਖੀ ਗੁਣਾਂ ਦਾ ਮਾਲਕ
ਗੁਣ ਚਿੰਤਨ = ਬੰਦਗੀ ਵਾਲਾ
ਗੁਣ ਚੇਤ = ਬੰਦਗੀ ਦਾ ਗੁਣ
ਗੁਣ ਚੇਤਨ = ਬੰਦਗੀ ਦਾ ਗੁਣ
ਗੁਣ ਜਸ = ਬੰਦਗੀ ਵਾਲਾ
ਗੁਣ ਜਸ਼ਨ = ਅਨੰਦ ਮਾਨਣ ਦਾ ਗੁਣ
ਗੁਣ ਜਗਤ = ਕੁਦਰਤੀ ਗੁਣ
ਗੁਣ ਜੰਤਰ = ਗੁਣਾਂ ਵਾਲਾ
ਗੁਣ ਜਪ = ਬੰਦਗੀ ਦਾ ਗੁਣ
ਗੁਣ ਜਲਾਲ = ਚੜ੍ਹਦੀ ਕਲਾ ਵਾਲਾ ਗੁਣ
ਗੁਣ ਜਾਪ = ਬੰਦਗੀ ਦਾ ਗੁਣ
ਗੁਣ ਜਾਪਨ = ਬੰਦਗੀ ਦਾ ਗੁਣ
ਗੁਣ ਜੀਤ = ਗੁਣਾਂ ਵਾਲਾ
ਗੁਣ ਜੀਵਨ = ਗੁਣਾਂ ਵਾਲਾ
ਗੁਣ ਜੈ = ਚੜ੍ਹਦੀ ਕਲਾ ਦਾ ਗੁਣ
ਗੁਣ ਜੋਤਿ = ਗੁਣਵਾਨ
ਗੁਣ ਜੋਧ = ਬਹਾਦਰੀ ਦਾ ਗੁਣ
ਗੁਣ ਜੋਬਨ = ਸੁੰਦਰਤਾ ਦਾ ਗੁਣ
ਗੁਣ ਟਹਿਕ = ਗੁਣਾਂ ਦਾ ਪ੍ਰਗਟਾਵਾ
ਗੁਣ ਟੇਕ = ਗੁਣਾਂ ਨੂੰ ਆਧਾਰ ਬਣਾਉਣ ਵਾਲਾ
ਗੁਣ ਤਸਵੀਰ = ਗੁਣਾਂ ਦਾ ਪ੍ਰਤੀਕ
ਗੁਣ ਤਕਦੀਰ = ਗੁਣਾਂ ਦਾ ਪ੍ਰਤੀਕ
ਗੁਣ ਤਖ਼ਤ = ਗੁਣਾਂ ਦਾ ਬਾਦਸ਼ਾਹ
ਗੁਣ ਤਾਸ = ਵਾਹਿਗੁਰੂ, ਮਹਾਨ
ਗੁਣ ਤਾਰਨ = ਜਿਨ੍ਹਾਂ ਗੁਣਾਂ ਨਾਲ ਮੁਕਤ ਹੋਈਦਾ
ਗੁਣ ਤਾਲਬ = ਗੁਣਾਂ ਦਾ ਧਾਰਨ ਕਰਨਾ
ਗੁਣ ਤੀਰਥ = ਗੁਣਾਂ ਦਾ ਪ੍ਰਤੀਕ
ਗੁਣ ਤੇਗ = ਗੁਣਾਂ ਦਾ ਪ੍ਰਤੀਕ
ਗੁਣ ਤੇਜ = ਗੁਣਾਂ ਦਾ ਪ੍ਰਤੀਕ
ਗੁਣ ਦਰਸ਼ਨ = ਗੁਣ ਸਿੱਖਣ ਲਈ ਸ਼ਾਸਤਰ
ਗੁਣ ਦਰਸਾਰ = ਗੁਣਾਂ ਦਾ ਪ੍ਰਤੱਖ ਪ੍ਰਭਾਵ
ਗੁਣ ਦਰਵੇਸ਼ = ਗੁਣਾਂ ਦਾ ਪ੍ਰਤੱਖ ਪ੍ਰਭਾਵ
ਗੁਣ ਦਲੇਰ = ਗੁਣਾਂ 'ਚ ਬਹਾਦਰ
ਗੁਣ ਦਿਆਲ = ਦਿਆਲੂਪੁਣਾ ਵਾਲਾ ਵਿਅਕਤੀ
ਗੁਣ ਦਿਲਦਾਰ = ਨਿਮਰਤਾ ਵਾਲਾ
ਗੁਣ ਦੀਦਾਰ = ਗੁਣੀ ਪੁਰਖ
ਗੁਣ ਦੀਨ = ਧਰਮ ਦਾ ਪੈਰੋਕਾਰ
ਗੁਣ ਦੀਪ = ਗੁਣਾਂ ਦਾ ਚਿਰਾਗ
ਗੁਣ ਦੀਪਕ = ਗੁਣਾਂ ਦਾ ਚਿਰਾਗ
ਗੁਣ ਦੀਵਾਨ = ਗੁਣਾਂ ਦਾ ਚਿਰਾਗ
ਗੁਣ ਦੇਵ = ਗੁਣਾਂ ਦਾ ਚਿਰਾਗ
ਗੁਣ ਦੌਲਤ = ਗੁਣਾਂ 'ਚ ਭਰਪੂਰ
ਗੁਣ ਧਨਵੰਤ = ਗੁਣਾਂ 'ਚ ਭਰਪੂਰ
ਗੁਣ ਧਰਮ = ਗੁਣਾਂ 'ਚ ਭਰਪੂਰ
ਗੁਣ ਧਿਆਨ = ਬੰਦਗੀ 'ਚ ਮਾਹਿਰ

ਗੁਣ ਧੀਰਜ = ਸਹਿਨਸ਼ੀਲਤਾ ਵਾਲਾ
ਗੁਣ ਨਸੀਬ = ਗੁਣਾਂ ਦਾ ਧਾਰਨੀ
ਗੁਣ ਨਰੈਣ = ਰੱਬੀ ਗੁਣ
ਗੁਣ ਨਰੋਤਮ = ਰੱਬੀ ਗੁਣ
ਗੁਣ ਨਵੀਨ = ਸ਼ੁਭ ਗੁਣ
ਗੁਣ ਨਾਹਰ = ਗੁਣਾਂ 'ਚ ਪਰਪੱਕ
ਗੁਣ ਨਾਮ = ਬੰਦਗੀ ਵਾਲਾ
ਗੁਣ ਨਿਹਚਲ = ਗੁਣਾਂ ਨੂੰ ਸਥਿਰ ਰੱਖਣ ਵਾਲਾ
ਗੁਣ ਨਿਹਾਲ = ਗੁਣਾਂ 'ਚ ਅਨੰਦਿਤ
ਗੁਣ ਨਿਦਾਨ = ਨਿਮਰਤਾ ਦਾ ਗੁਣ
ਗੁਣ ਨਿਧਾਨ = ਗੁਣਾਂ ਦਾ ਖ਼ਜ਼ਾਨਾ
ਗੁਣ ਨਿਮਰਤਾ = ਨਿਮਰਤਾ ਦਾ ਗੁਣ
ਗੁਣ ਨਿਮਾਨ = ਨਿਮਰਤਾ ਦਾ ਗੁਣ
ਗੁਣ ਨਿਰਭੈ = ਭੈ ਰਹਿਤ ਦਾ ਗੁਣ
ਗੁਣ ਨਿਰਮਲ = ਸਪੱਸ਼ਟ ਗੁਣਾਂ ਦਾ ਮਾਲਕ
ਗੁਣ ਨਿਰਮਾਣ = ਨਿਮਰਤਾ ਦਾ ਗੁਣ
ਗੁਣ ਨਿਰਮੋਲ = ਉੱਚੇ ਗੁਣਾਂ ਵਾਲਾ
ਗੁਣ ਨਿਰੋਲ = ਉੱਚੇ ਗੁਣਾਂ ਵਾਲਾ
ਗੁਣ ਨਿਵਾਰ = ਮੁਕਤੀ ਦਿਵਾਉਣ ਵਾਲੇ ਗੁਣ
ਗੁਣ ਨੂਰ = ਗੁਣਾਂ ਦਾ ਪ੍ਰਤੀਕ
ਗੁਣ ਨੇਕ = ਸ਼ੁਭ ਗੁਣਾਂ ਦਾ ਧਾਰਨੀ
ਗੁਣ ਪਰਗਟ = ਪਰਤੱਖ ਗੁਣਾਂ ਵਾਲਾ
ਗੁਣ ਪਰਤਾਪ = ਗੌਰਵਮਈ ਗੁਣ
ਗੁਣ ਪਰਦੀਪ = ਰੂਹਾਨੀ ਜੋਤ ਦੇ ਗੁਣ
ਗੁਣ ਪਰਮ = ਉੱਚੇ ਗੁਣ
ਗੁਣ ਪਰਾਗ = ਪ੍ਰਸਿੱਧੀ ਤੇ ਸ਼ੁਹਰਤ
ਗੁਣ ਪਵਿੱਤਰ = ਸ੍ਰੇਸ਼ਟ ਵਿਅਕਤੀ
ਗੁਣ ਪਾਰਸ = ਚੰਗਾ ਪ੍ਰਭਾਵ ਪਾਉਣ ਵਾਲਾ ਗੁਣ
ਗੁਣ ਪਾਲ = ਗੁਣਾਂ ਦਾ ਧਾਰਨੀ
ਗੁਣ ਪਿਆਰ = ਮਿੱਤਰਤਾ ਦਾ ਗੁਣ
ਗੁਣ ਪ੍ਰਕਾਸ਼ = ਗੁਣਾਂ ਦਾ ਪ੍ਰਤੀਕ
ਗੁਣ ਪ੍ਰੀਤ = ਮਿੱਤਰਤਾ ਦਾ ਗੁਣ
ਗੁਣ ਪ੍ਰੀਤਮ = ਰੂਹਾਨੀ ਗੁਣ
ਗੁਣ ਪ੍ਰੇਮ = ਮਿੱਤਰਤਾ ਦਾ ਗੁਣ
ਗੁਣ ਫ਼ਕੀਰ = ਫ਼ਕੀਰੀ ਜਾਂ ਨਿਮਰਤਾ ਦਾ ਗੁਣ
ਗੁਣ ਫ਼ਤਹ = ਸ਼ੁਭ ਗੁਣਾਂ ਨਾਲ ਸਫਲਤਾ
ਗੁਣ ਬਖ਼ਸ਼ = ਗੁਣਾਂ ਦੀ ਬਖ਼ਸ਼
ਗੁਣ ਬਚਨ = ਸ਼ੁਭ ਬਚਨਾਂ ਦਾ ਮਾਲਕ
ਗੁਣ ਬਚਿੰਤ = ਬੇ-ਫ਼ਿਕਰੀ ਵਾਲਾ
ਗੁਣ ਬਚਿੱਤਰ = ਅਦਭੁੱਤ ਗੁਣਾਂ ਵਾਲਾ
ਗੁਣ ਬਲਹਾਰ = ਗੁਣਾਂ ਤੋਂ ਬਲਿਹਾਰ ਜਾਣਾ
ਗੁਣ ਬਲਕਾਰ = ਦਲੇਰੀ ਦਾ ਗੁਣ
ਗੁਣ ਬਲੰਦ = ਚੜ੍ਹਦੀ ਕਲਾ ਵਾਲਾ
ਗੁਣ ਬਿਸ਼ਨ = ਰੂਹਾਨੀ ਗੁਣਾਂ ਦਾ ਮਾਲਕ
ਗੁਣ ਬੀਰ = ਬਹਾਦਰੀ ਦਾ ਗੁਣ
ਗੁਣ ਬੁੱਧ = ਸੂਝ-ਬੂਝ ਵਾਲਾ
ਗੁਣ ਬੇਅੰਤ = ਰੱਬੀ ਗੁਣ ਜਾਂ ਚੰਗੇ ਗੁਣ
ਗੁਣ ਬੇਗ = ਤੇਜ਼ ਤੇ ਗੁਣ ਵਾਨ
ਗੁਣ ਬ੍ਰਹਮ = ਰੂਹਾਨੀ ਗੁਣ
ਗੁਣ ਭਗਤ = ਬੰਦਗੀ ਵਾਲਾ
ਗੁਣ ਭਜਨ = ਬੰਦਗੀ ਵਾਲਾ
ਗੁਣ ਭਰਪੂਰ = ਗੁਣਾਂ ਵਾਲਾ
ਗੁਣ ਭਾਗ = ਗੁਣਾਂ ਵਾਲਾ
ਗੁਣ ਭਾਨ = ਉੱਚੇ ਗੁਣ ਵਾਲਾ
ਗੁਣ ਭੂਪੇਸ਼ = ਸ਼ਾਹੀ ਤਾਕਤ ਦੇ ਗੁਣ
ਗੁਣ ਭੂਪ = ਸ਼ਾਹੀ ਤਾਕਤ ਦੇ ਗੁਣ
ਗੁਣ ਮਸਕੀਨ = ਨਿਮਰਤਾ ਭਰਪੂਰ
ਗੁਣ ਮਸਤ = ਮਸਤ ਤਬੀਅਤ
ਗੁਣ ਮਹੀਪ = ਗੁਣਾਂ 'ਚ ਮਹਾਨ ਜਾਂ ਵੱਡਾ
ਗੁਣ ਮਹੇਸ਼ = ਮਹਾਨ ਗੁਣ
ਗੁਣ ਮੰਗਲ = ਖ਼ੁਸ਼ੀ ਪੈਦਾ ਕਰਨ ਵਾਲੇ ਗੁਣ
ਗੁਣ ਮਨਸ਼ਾ = ਸ਼ੁਭ ਗੁਣ
ਗੁਣ ਮਨੋਹਰ = ਮਨ ਨੂੰ ਮੋਹ ਲੈਣ ਵਾਲੇ ਗੁਣ
ਗੁਣ ਮਾਨ = ਗੁਣਾਂ ਦਾ ਗੌਰਵ
ਗੁਣ ਮਾਨਸ = ਇਨਸਾਨੀਅਤ ਦੇ ਗੁਣ

ਗੁਣ ਮਾਨਵ = ਇਨਸਾਨੀਅਤ ਦੇ ਗੁਣ
ਗੁਣ ਮੁਕੰਦ = ਰੱਬੀ ਗੁਣ
ਗੁਣ ਮੇਹਰ = ਗੁਣਾਂ ਦੀ ਬਖ਼ਸ਼ਸ਼
ਗੁਣ ਮੇਲ = ਮੇਲਣ ਵਾਲੇ ਗੁਣ
ਗੁਣ ਮੋਹਣ = ਮੋਹ ਲੈਣ ਵਾਲੇ
ਗੁਣ ਯਾਦ = ਰੱਬੀ ਯਾਦ ਵਾਲੇ ਗੁਣ
ਗੁਣ ਰੰਗ = ਆਤਮ ਰੰਗ ਦੇ ਗੁਣ
ਗੁਣ ਰਤਨ = ਚੰਗੇ ਗੁਣ
ਗੁਣ ਰਾਸ = ਚੰਗੇ ਗੁਣਾਂ ਦੀ ਪੂੰਜੀ
ਗੁਣ ਰਾਜ = ਇਕ ਰਾਜੇ ਦੇ ਗੁਣ
ਗੁਣ ਰੂਹਾਨੀ = ਰੱਬੀ ਗੁਣ
ਗੁਣ ਰੂਪ = ਗੁਣਾਂ ਦਾ ਧਾਰਨੀ
ਗੁਣ ਲਾਇਕ = ਲਾਇਕ ਤੇ ਗੁਣੀ
ਗੁਣ ਲਾਜ = ਉੱਚਤਾ ਲਈ ਗੁਣ
ਗੁਣ ਲਾਭ = ਉੱਚੇ ਗੁਣ
ਗੁਣ ਲਾਲ = ਉੱਚੇ ਗੁਣ
ਗੁਣ ਲਿਵ = ਬੰਦਗੀ ਵਾਲੇ ਗੁਣ
ਗੁਣ ਲੀਨ = ਬੰਦਗੀ ਵਾਲੇ ਗੁਣ
ਗੁਣ ਲੋਕ = ਲੋਕਾਈ ਲਈ ਗੁਣ, ਸਮਾਜ ਭਲਾਈ ਦੇ ਗੁਣ
ਗੁਣ ਲੋਚ = ਗੁਣਾਂ ਨੂੰ ਧਾਰਨ ਕਰਨ ਦੀ ਇੱਛਾ
ਗੁਣ ਵਚਨ = ਗੁਣਾਂ ਭਰਪੂਰ ਬੋਲ
ਗੁਣ ਵੰਤ = ਗੁਣਾਂ ਦਾ ਪ੍ਰਤੀਕ
ਗੁਣ ਵਤਨ = ਦੇਸ਼ ਦੇ ਗੁਣ ਜਾਂ ਵਿਸ਼ੇਸ਼ਤਾਈਆਂ
ਗੁਣ ਵਰਿਆਮ = ਬਹਾਦਰੀ ਵਾਲੇ ਗੁਣ
ਗੁਣ ਵਿਸੇਖ = ਚੰਗੇ ਗੁਣ
ਗੁਣ ਵੀਰ = ਬਹਾਦਰੀ ਵਾਲੇ ਗੁਣ
ਗੁਣਿੰਦਰ = ਦੇਖੋ 'ਗੁਣਇੰਦਰ'
ਗੁਣੀਤ = ਗੁਣਾਂ ਦਾ ਮਾਲਕ
ਗੁਨ ਸਾਗਰ = ਗੁਣਾਂ ਦਾ ਮਾਲਕ
ਗੁਪਿੰਦਰ = ਕ੍ਰਿਸ਼ਨ

ਗੁਰ = ਗੁਰੂ, ਮਹਾਨ ਹਸਤੀ, ਪੈਗ਼ੰਬਰ
ਗੁਰ ਉਸਤਤ = ਗੁਰੂ ਮਹਿਮਾ
ਗੁਰ ਉਂਕਾਰ = ਪਰਮਾਤਮਾ ਇਕ ਹੈ
ਗੁਰ ਉਚਤ = ਮਹਾਨ ਗੁਰੂ
ਗੁਰ ਉਜਲ = ਮਹਾਨ ਗੁਰੂ
ਗੁਰ ਉਤਮ = ਮਹਾਨ ਗੁਰੂ
ਗੁਰ ਉਦਮ = ਗੁਰੂ ਚਿੰਤਨ ਲਈ ਉੱਦਮ
ਗੁਰ ਉਪਕਾਰ = ਗੁਰੂ ਮਹਾਂ-ਉਪਕਾਰੀ
ਗੁਰ ਉਪਜੀਤ = ਗੁਰੂ ਦੀ ਜਿੱਤ
ਗੁਰ ਉਪਜੋਤਿ = ਗੁਰੂ ਦੀ ਜੋਤਿ
ਗੁਰ ਉਪਦੇਸ਼ = ਗੁਰੂ ਦਾ ਸੰਦੇਸ਼
ਗੁਰ ਉਪਮਾ = ਗੁਰੂ ਦੀ ਮਹਿਮਾ
ਗੁਰ ਉਮਰਾਓ = ਗੁਰੂ ਪਾਤਸ਼ਾਹ ਹੈ
ਗੁਰ ਓਟ = ਗੁਰੂ ਦਾ ਆਸਰਾ
ਗੁਰ ਅਸਥਾਨ = ਗੁਰੂ ਦਾ ਸਥਾਨ
ਗੁਰ ਅਸੀਸ = ਗੁਰੂ ਦੀ ਬਖ਼ਸ਼ਸ਼
ਗੁਰ ਅਸੀਮ = ਗੁਰੂ ਅਥਾਹ ਹੈਂ
ਗੁਰ ਅਹਿਸਾਨ = ਗੁਰੂ ਦੀ ਬਖ਼ਸ਼ਸ਼
ਗੁਰ ਅੰਕ = ਗੁਰੂ ਦਾ ਹਿੱਸਾ ਜਾਂ ਸਰੀਰ
ਗੁਰ ਅਕਾਲ = ਗੁਰੂ ਅਟੱਲ ਹੈ
ਗੁਰ ਅਖੰਡ = ਗੁਰੂ ਪੂਰਾ ਹੈ
ਗੁਰ ਅਗਮ = ਗੁਰੂ ਅਥਾਹ ਹੈ
ਗੁਰ ਅਗੋਚਰ = ਗੁਰੂ ਅਥਾਹ ਹੈ
ਗੁਰ ਅੰਚਲ = ਗੁਰੂ ਦਾ ਆਸਰਾ, ਗੁਰੂ ਦਾ ਪਰਨਾ
ਗੁਰ ਅਚਿੰਤ = ਗੁਰੂ ਬੇਪਰਵਾਹ
ਗੁਰ ਅਚੇਤ = ਗੁਰੂ ਬੇਪਰਵਾਹ
ਗੁਰ ਅਜੀਤ = ਗੁਰੂ ਜੇਤੂ ਹੈ, ਗੁਰੂ ਨੂੰ ਜਿੱਤਿਆ ਨਹੀਂ ਜਾ ਸਕਦਾ
ਗੁਰ ਅਜੈ = ਗੁਰੂ ਦੀ ਫ਼ਤਹ
ਗੁਰ ਅਜੈਬ = ਗੁਰੂ ਹੈਰਾਨਕੁੰਨ
ਗੁਰ ਅਤਰ = ਗੁਰੂ ਦੀ ਬਖ਼ਸ਼ਸ਼ ਦੀ ਖ਼ੁਸ਼ਬੂ
ਗੁਰ ਅੰਤਰ = ਹਿਰਦੇ ਅੰਦਰ ਗੁਰੂ
ਗੁਰ ਅਤੁਲ = ਗੁਰੂ ਅਥਾਹ ਹੈ
ਗੁਰ ਅਦਬ = ਗੁਰੂ ਸਤਿਕਾਰ
ਗੁਰ ਅਦੇਸ਼ = ਗੁਰੂ ਦਾ ਹੁਕਮ

ਗੁਰ ਅਨੰਤ = ਗੁਰੂ ਅਟੱਲ ਹੈ
ਗੁਰ ਅਨੰਦ = ਗੁਰੂ ਦਾ ਅਨੰਦ
ਗੁਰ ਅਨਾਦ = ਗੁਰੂ ਅਟੱਲ ਹੈ
ਗੁਰ ਅਨੀਲ = ਗੁਰੂ ਦਾਗ਼ ਰਹਿਤ ਹੈ
ਗੁਰ ਅਨੂਪ = ਗੁਰੂ ਅਦਭੁੱਤ ਹੈ
ਗੁਰ ਅਨੋਖ = ਗੁਰੂ ਅਦਭੁੱਤ ਹੈ
ਗੁਰ ਅਬਨਾਸ਼ = ਗੁਰੂ ਜਨਮ-ਮਰਨ ਤੋਂ ਰਹਿਤ ਹੈ
ਗੁਰ ਅਭੰਗ = ਗੁਰੂ ਜਨਮ-ਮਰਨ ਤੋਂ ਰਹਿਤ ਹੈ, ਅਟੁੱਟ ਹੈ
ਗੁਰ ਅਭੀਤ = ਡਰ ਤੋਂ ਰਹਿਤ
ਗੁਰ ਅਭੈ = ਡਰ ਤੋਂ ਰਹਿਤ
ਗੁਰ ਅਮਨ = ਗੁਰੂ ਸ਼ਾਂਤ ਹੈ
ਗੁਰ ਅਮਰ = ਗੁਰੂ ਅਟੱਲ ਹੈ
ਗੁਰ ਅਮਲੀਕ = ਗੁਰੂ ਅਮੋਲ ਹੈ
ਗੁਰ ਅਮੀਰ = ਗੁਰੂ ਬਾਦਸ਼ਾਹ ਹੈ
ਗੁਰ ਅਮੋਲ = ਗੁਰੂ ਅਥਾਹ ਹੈ
ਗੁਰ ਅਮੋਲਕ = ਗੁਰੂ ਅਥਾਹ ਹੈ
ਗੁਰ ਅੰਮ੍ਰਿਤ = ਗੁਰੂ ਜਨਮ-ਮਰਨ ਤੋਂ ਰਹਿਤ ਹੈ
ਗੁਰ ਅਰਸ਼ = ਗੁਰੂ ਸਵਰਗ ਹੈ
ਗੁਰ ਅਵਤਾਰ = ਗੁਰੂ ਰੂਹਾਨੀ ਹੈ
ਗੁਰ ਆਸਣ = ਗੁਰੂ ਦੀ ਜਗ੍ਹਾ, ਗੁਰ-ਅਸਥਾਨ
ਗੁਰ ਆਤਮ = ਗੁਰੂ ਜੋਤਿ ਹੈ
ਗੁਰ ਆਦਿ = ਗੁਰੂ ਮੁੱਢ ਤੋਂ ਹੈ
ਗੁਰ ਆਲਮ = ਗੁਰੂ ਦਾ ਸੰਸਾਰ
ਗੁਰ ਇਸ਼ਟ = ਗੁਰੂ ਪੂਜਣਯੋਗ, ਪਿਆਰਾ
ਗੁਰ ਇਕਬਾਲ = ਗੁਰੂ ਵੱਲੋਂ ਪਰਵਾਨ
ਗੁਰ ਇਜ਼ਤ = ਗੁਰੂ ਦਾ ਸਤਿਕਾਰ
ਗੁਰਇੰਦਰ = ਇੰਦਰ ਦਾ ਗੁਰੂ, ਗੁਰੂ ਹੀ ਸਭ ਦਾ ਮਾਲਕ
ਗੁਰਿੰਦਰ = ਦੇਖੋ 'ਗੁਰਇੰਦਰ'
ਗੁਰ ਈਸ਼ਰ = ਗੁਰੂ ਪਰਮਾਤਮਾ
ਗੁਰ ਈਮਾਨ = ਗੁਰੂ 'ਚ ਵਿਸ਼ਵਾਸ
ਗੁਰ ਏਕ = ਇਕ ਪਰਮਾਤਮਾ
ਗੁਰ ਏਕਮ = ਇਕ ਪਰਮਾਤਮਾ
ਗੁਰ ਸੰਸਾਰ = ਗੁਰੂ ਦਾ ਸਾਰਾ ਸੰਸਾਰ
ਗੁਰ ਸਹਿਜ = ਸਹਿਜ ਨਾਲ ਗੁਰੂ ਨਾਲ ਮਿਲਾਪ
ਗੁਰ ਸੰਗ = ਗੁਰੂ ਦਾ ਮਿਲਾਪ
ਗੁਰ ਸੰਗਤ = ਗੁਰੂ ਦਾ ਮਿਲਾਪ
ਗੁਰ ਸ਼ਿੰਗਾਰ = ਗੁਰੂ ਦਾ ਪ੍ਰੇਮੀ
ਗੁਰ ਸੰਗੀਤ = ਰੂਹਾਨੀ ਸੰਗੀਤ
ਗੁਰ ਸਚਿਆਰ = ਸੱਚਾ ਗੁਰੂ
ਗੁਰ ਸਜਣ = ਗੁਰੂ ਪਿਆਰਾ
ਗੁਰ ਸੰਜੋਗ = ਗੁਰੂ ਨਾਲ ਸਾਂਝ
ਗੁਰ ਸੰਤ = ਗੁਰੂ ਪਿਆਰਾ
ਗੁਰ ਸਤਿ = ਸੱਚਾ ਗੁਰੂ
ਗੁਰ ਸੰਤੋਖ = ਸਬਰ ਵਾਲਾ ਤੇ ਸ੍ਰੇਸ਼ਟ
ਗੁਰ ਸਨਮੁਖ = ਗੁਰਮੁਖ
ਗੁਰ ਸੰਪੂਰਨ = ਗੁਰੂ ਪੂਰਾ ਹੈ
ਗੁਰ ਸ਼ਬਦ = ਗੁਰੂ ਦਾ ਉਪਦੇਸ਼
ਗੁਰ ਸਮਸ਼ੀਰ = ਗੁਰੂ ਸ਼ਕਤੀ ਦਾ ਪ੍ਰਤੀਕ
ਗੁਰ ਸ਼ਮਸ਼ੇਰ = ਗੁਰੂ ਸ਼ਕਤੀ ਦਾ ਪ੍ਰਤੀਕ
ਗੁਰ ਸਮਰਥ = ਗੁਰੂ ਸਮਰਥ ਹੈ
ਗੁਰ ਸਮੁੰਦ = ਗੁਰੂ ਅਥਾਹ ਹੈ
ਗੁਰ ਸ਼ਰਨ = ਗੁਰੂ ਦਾ ਆਸਰਾ
ਗੁਰ ਸ਼ਰਨਜੀਤ = ਗੁਰੂ ਦਾ ਆਸਰਾ
ਗੁਰ ਸਰਬ = ਗੁਰੂ ਸਮਰਥ ਹੈ
ਗੁਰ ਸਰੂਪ = ਗੁਰੂ ਵਰਗਾ
ਗੁਰ ਸਾਹਿਬ = ਗੁਰੂ ਸਤਿਕਾਰਯੋਗ, ਗੁਰੂ ਮਹਾਨ
ਗੁਰ ਸਾਗਰ = ਗੁਰੂ ਅਥਾਹ ਹੈ
ਗੁਰ ਸ਼ਾਨ = ਗੁਰੂ ਦਾ ਪਿਆਰਾ
ਗੁਰ ਸਾਮ = ਗੁਰੂ ਦੀ ਸ਼ਰਨ
ਗੁਰ ਸਿਦਕ = ਗੁਰੂ ਦਾ ਸਿਦਕ
ਗੁਰ ਸਿਮਰ = ਗੁਰੂ ਦੀ ਯਾਦ
ਗੁਰ ਸਿਮਰਨ = ਗੁਰੂ ਦੀ ਯਾਦ

ਗੁਰ ਸ਼ਿਵ = ਗੁਰੂ ਸਭ ਤੋਂ ਵੱਡਾ ਹੈ
ਗੁਰ ਸੀਤਲ = ਗੁਰੂ ਸ਼ਾਂਤ ਹੈ
ਗੁਰ ਸੁਹੇਲ = ਗੁਰੂ ਨਾਲ ਮਿਲਾਪ ਨਾਲ ਸ਼ਾਂਤੀ
ਗੁਰ ਸੁਖ = ਸੁੱਖ ਗੁਰੂ ਦੀ ਬਖ਼ਸ਼ ਹੈ
ਗੁਰ ਸੁਜਾਨ = ਗੁਰੂ ਦਾ ਸ੍ਰੇਸ਼ਟ
ਗੁਰ ਸੁੰਦਰ = ਗੁਰੂ ਸੁੰਦਰਤਾ ਦਾ ਪ੍ਰਤੀਕ
ਗੁਰ ਸੁਬੇਗ = ਗੁਰੂ ਦਾ ਸ੍ਰੇਸ਼ਟ
ਗੁਰ ਸੁਰਜਨ = ਗੁਰੂ ਦਾ ਸ੍ਰੇਸ਼ਟ
ਗੁਰ ਸੁਰਜੀਤ = ਗੁਰੂ ਸਦਾ ਅਟੱਲ ਹੈ
ਗੁਰ ਸੁਰੈਣ = ਗੁਰੂ ਦਾ ਸ੍ਰੇਸ਼ਟ
ਗੁਰ ਸ਼ੇਰ = ਗੁਰੂ ਦਾ ਸ਼ੇਰ
ਗੁਰ ਸੇਵਕ = ਗੁਰੂ ਦਾ ਸੇਵਕ
ਗੁਰ ਸੋਹਣ = ਗੁਰੂ ਦਾ ਸੇਵਕ
ਗੁਰ ਸੋਭਾ = ਗੁਰੂ ਦੀ ਮਹਿਮਾ
ਗੁਰ ਹੰਸ = ਗੁਰੂ ਦਾ ਪਿਆਰਾ
ਗੁਰ ਹਜ਼ੂਰ = ਗੁਰੂ ਦੇ ਅੰਗ-ਸੰਗ
ਗੁਰ ਹਿੰਮਤ = ਗੁਰੂ ਦੀ ਬਖ਼ਸ਼ੀ ਹਿੰਮਤ
ਗੁਰ ਹੀਰਾ = ਗੁਰੂ ਦਾ ਹੀਰਾ
ਗੁਰ ਹੁਸਨ = ਗੁਰੂ ਦੀ ਬਖ਼ਸ਼ ਹੁਸਨ ਹੈ
ਗੁਰ ਹੇਤ = ਗੁਰੂ ਨਾਲ ਪਿਆਰ
ਗੁਰ ਹੇਮ = ਗੁਰੂ ਸ਼ਾਂਤ ਹੈ
ਗੁਰ ਕੰਚਨ = ਗੁਰੂ ਮਹਾਨ ਹੈ
ਗੁਰ ਕਮਲ = ਗੁਰੂ ਨਿਰਲੇਪ ਹੈ
ਗੁਰ ਕਰਤਾਰ = ਗੁਰੂ ਵਾਹਿਗੁਰੂ ਇਕ ਹਨ
ਗੁਰ ਕਰਮ = ਗੁਰੂ ਦੀ ਬਖ਼ਸ਼
ਗੁਰ ਕਲਿਆਣ = ਗੁਰੂ ਮਿਹਰ
ਗੁਰ ਕੰਵਰ = ਗੁਰੂ ਦਾ ਨਿਕਟੀ
ਗੁਰ ਕੰਵਲ = ਗੁਰੂ ਦਾ ਨਿਰਲੇਪ ਭਗਤ
ਗੁਰ ਕਾਬਲ = ਗੁਰੂ ਦਾ ਨਿਰਲੇਪ ਭਗਤ
ਗੁਰ ਕਿਸ਼ਨ = ਗੁਰੂ ਦਾ ਭਗਤ
ਗੁਰ ਕਿਰਪਾਲ = ਗੁਰੂ ਦਿਆਲੂ ਹੈ
ਗੁਰ ਕੀਰਤ = ਗੁਰੂ ਦੀ ਵਡਿਆਈ
ਗੁਰ ਕੇਹਰ = ਗੁਰੂ ਦਾ ਸ਼ੇਰ
ਗੁਰ ਕੇਵਲ = ਗੁਰੂ ਸਭਸ ਦਾ ਦਾਤਾ
ਗੁਰ ਕੋਮਲ = ਗੁਰੂ ਦਾ ਨਿਮਰਤਾ ਭਰਪੂਰ ਭਗਤ
ਗੁਰ ਖੜਗ = ਗੁਰੂ ਸ਼ਕਤੀ ਦਾ ਪ੍ਰਤੀਕ ਹੈ
ਗੁਰ ਖਾਲਸ = ਗੁਰੂ ਦਾ ਸ੍ਰੇਸ਼ਟ ਭਗਤ
ਗੁਰ ਖੇਮ = ਗੁਰੂ ਦੀ ਖ਼ੁਸ਼ੀ ਜਾਂ ਖੇੜਾ
ਗੁਰ ਗਗਨ = ਗੁਰੂ ਦੀ ਸੰਗਤ, ਗੁਰੂ ਦੀ ਸ਼ਰਨ
ਗੁਰ ਗਰਜ = ਗੁਰੂ ਦੀ ਗਰਜ
ਗੁਰ ਗਿਆਨ = ਰੂਹਾਨੀ ਬੋਧ
ਗੁਰ ਗੁਲਾਲ = ਰੂਹਾਨੀ ਬੋਧ
ਗੁਰ ਗੋਪਾਲ = ਵਾਹਿਗੁਰੂ
ਗੁਰ ਗੋਬਿੰਦ = ਵਾਹਿਗੁਰੂ
ਗੁਰ ਘੁਮੰਡ = ਗੁਰੂ ਦਾ ਗੌਰਵ
ਗੁਰ ਚਤਰ = ਗੁਰੂ ਦਾ ਸਿਆਣਾ ਭਗਤ
ਗੁਰ ਚੰਦ = ਗੁਰੂ ਦਾ ਸਿਆਣਾ ਭਗਤ
ਗੁਰ ਚੰਦਨ = ਗੁਰੂ ਦਾ ਸਿਆਣਾ ਭਗਤ
ਗੁਰ ਚੰਨਣ = ਗੁਰੂ ਦਾ ਸਿਆਣਾ ਭਗਤ
ਗੁਰ ਚਮਨ = ਗੁਰੂ ਦਾ ਸਿਆਣਾ ਭਗਤ
ਗੁਰਚਰਨ = ਗੁਰੂ ਦਾ ਨਾਂਵ, ਰੱਬੀ ਨਾਂਵ
ਗੁਰ ਚੜ੍ਹਤ = ਗੁਰੂ ਦੀ ਚੜ੍ਹਤ, ਚੜ੍ਹਦੀ ਕਲਾ
ਗੁਰ ਚੇਤ = ਗੁਰੂ ਦੀ ਬੰਦਗੀ, ਗੁਰੂ ਦਾ ਸਿਮਰਨ
ਗੁਰ ਚੈਨ = ਗੁਰੂ ਸੰਗ ਸ਼ਾਂਤ
ਗੁਰ ਜਸ = ਗੁਰੂ ਦੀ ਵਡਿਆਈ
ਗੁਰ ਜੰਤ = ਗੁਰੂ ਦਾ ਪਰਿਵਾਰ, ਗੁਰੂ ਦਾ ਸੰਗੀ
ਗੁਰ ਜਗਤ = ਗੁਰੂ ਦਾ ਸੰਸਾਰ
ਗੁਰ ਜਪ = ਗੁਰੂ ਦਾ ਸਿਮਰਨ
ਗੁਰ ਜਾਪ = ਗੁਰੂ ਦਾ ਸਿਮਰਨ
ਗੁਰ ਜਾਗਤ = ਗੁਰੂ ਹਮੇਸ਼ਾ ਜਾਗਦਾ ਹੈ
ਗੁਰ ਜਾਪਨ = ਗੁਰੂ ਦਾ ਜਾਪ
ਗੁਰਜਿੰਦ = ਗੁਰੂ ਦੀ ਜਿੰਦ
ਗੁਰਜੀਤ = ਗੁਰੂ ਦੀ ਫ਼ਤਹ
ਗੁਰ ਜੀਵਨ = ਗੁਰੂ ਦਾ ਸਰੀਰ
ਗੁਰ ਜੁਗਾਦ = ਗੁਰੂ ਮੁੱਢ ਤੋਂ ਹੈ
ਗੁਰ ਜੁਝਾਰ = ਗੁਰੂ ਬਹਾਦਰ ਹੈ

ਗੁਰ ਜੇਸ਼ਟ = ਵਾਹਿਗੁਰੂ, ਵੱਡਾ
ਗੁਰ ਜੈ = ਗੁਰੂ ਦੀ ਚੜ੍ਹਦੀ ਕਲਾ, ਗੁਰੂ ਨੂੰ ਨਮਸਕਾਰ
ਗੁਰ ਜੈਕਾਰ = ਗੁਰੂ ਦੀ ਚੜ੍ਹਦੀ ਕਲਾ, ਗੁਰੂ ਨੂੰ ਨਮਸਕਾਰ
ਗੁਰ ਜੈਵੰਤ = ਗੁਰੂ ਦੀ ਚੜ੍ਹਦੀ ਕਲਾ, ਗੁਰੂ ਨੂੰ ਨਮਸਕਾਰ
ਗੁਰ ਜੋਗ = ਗੁਰੂ ਜੋਗਾ, ਗੁਰੂ ਦਾ
ਗੁਰ ਜੋਤਿ = ਗੁਰੂ ਦੀ ਜੋਤਿ
ਗੁਰ ਜੋਧ = ਗੁਰੂ ਦਾ ਜੋਧਾ, ਗੁਰੂ ਸੂਰਮਾ
ਗੁਰ ਜੋਬਨ = ਗੁਰੂ ਵੱਲੋਂ ਜੋਬਨ ਦੀ ਬਖ਼ਸ਼ਸ਼
ਗੁਰ ਜੋਰਾਵਰ = ਗੁਰੂ ਤਾਕਤਵਰ ਹੈ
ਗੁਰ ਟਹਿਕ = ਗੁਰੂ ਦੀ ਖ਼ੁਸ਼ੀ
ਗੁਰ ਟਹਿਲ = ਗੁਰੂ ਦਾ ਸੇਵਾਦਾਰ
ਗੁਰ ਟੇਕ = ਗੁਰੂ ਦਾ ਆਸਰਾ
ਗੁਰ ਠਾਕਰ = ਗੁਰੂ ਪਰਮਾਤਮਾ ਹੈ
ਗੁਰ ਢਾਲ = ਗੁਰੂ ਦਾ ਆਸਰਾ
ਗੁਰ ਤਕਦੀਰ = ਗੁਰੂ ਵੱਲੋਂ ਚੰਗੇ ਭਾਗ ਦੀ ਬਖ਼ਸ਼ਸ਼
ਗੁਰ ਤਖ਼ਤ = ਗੁਰੂ ਚਵਰ ਤਖ਼ਤ ਦਾ ਮਾਲਕ
ਗੁਰ ਤੱਤ = ਗੁਰ ਸਿੱਧਾਂਤ
ਗੁਰ ਤੰਤ = ਗੁਰ ਸਿੱਧਾਂਤ
ਗੁਰ ਤਪ = ਗੁਰੂ ਜਪ
ਗੁਰ ਤਪਿੰਦਰ = ਗੁਰੂ ਜਪ
ਗੁਰ ਤਲਬ = ਗੁਰੂ ਦੀ ਲੋਚ
ਗੁਰਤਾਸ਼ = ਗੁਰੂ ਦਾ ਪ੍ਰੇਮੀ; ਨਿਕਟੀ
ਗੁਰ ਤਾਜ = ਗੁਰੂ ਦਾ ਤਾਜ
ਗੁਰ ਤਾਰ = ਗੁਰੂ ਤਾਰਣਹਾਰ
ਗੁਰ ਤਾਰਕ = ਗੁਰੂ ਤਾਰਣਹਾਰ
ਗੁਰ ਤਾਰਨ = ਗੁਰੂ ਤਾਰਣਹਾਰ
ਗੁਰ ਤਾਲਿਬ = ਗੁਰੂ ਵੱਲੋਂ ਪ੍ਰਵਾਨ
ਗੁਰ ਤੀਰਥ = ਗੁਰੂ ਤੀਰਥ ਹੈ, ਗੁਰੂ ਪਵਿੱਤਰ ਅਸਥਾਨ ਹੈ
ਗੁਰ ਤੇਗ = ਗੁਰੂ ਸ਼ਕਤੀ ਦਾ ਪ੍ਰਤੀਕ
ਗੁਰਤੇਜ = ਗੁਰੂ ਦੀ ਮਹਾਨਤਾ
ਗੁਰ ਤ੍ਰਿਪਤ = ਗੁਰੂ ਸਬਰ ਦਾ ਪ੍ਰਤੀਕ
ਗੁਰ ਥੰਮਣ = ਗੁਰੂ ਆਸਰਾ ਹੈ
ਗੁਰ ਦਮੋਦਰ = ਗੁਰੂ ਮਹਾਨ ਹੈ
ਗੁਰ ਦਰਸ = ਗੁਰੂ ਸਿੱਧਾਂਤ
ਗੁਰ ਦਰਸ਼ਨ = ਗੁਰੂ ਸਿੱਧਾਂਤ, ਗੁਰੂ ਦਰਸ
ਗੁਰ ਦਰਸਾਰ = ਗੁਰੂ ਸਿੱਧਾਂਤ, ਗੁਰੂ ਦਰਸ
ਗੁਰ ਦਰਬਾਰ = ਗੁਰੂ ਦੀ ਸੰਗਤ
ਗੁਰ ਦਰਵੇਸ਼ = ਗੁਰੂ ਦਾ ਸ਼ਰਧਾਲੂ
ਗੁਰ ਦਲੇਰ = ਬਹਾਦਰ ਵਿਅਕਤੀ
ਗੁਰ ਦਲਜੀਤ = ਦਲਾਂ ਨੂੰ ਜਿੱਤਣ ਵਾਲਾ
ਗੁਰ ਦਲਜੋਤਿ = ਫ਼ੌਜਾਂ ਦਾ ਬਹਾਦਰ
ਗੁਰ ਦਲਜੋਧ = ਫ਼ੌਜਾਂ ਦਾ ਬਹਾਦਰ
ਗੁਰ ਦਲਬੀਰ = ਫ਼ੌਜਾਂ ਦਾ ਬਹਾਦਰ
ਗੁਰ ਦਲਭੰਜਨ = ਫ਼ੌਜਾਂ ਦਾ ਬਹਾਦਰ
ਗੁਰ ਦਵਾਰ = ਗੁਰ ਅਸਥਾਨ
ਗੁਰ ਦਵਿੰਦਰ = ਪਰਮਾਤਮਾ, ਵਾਹਿਗੁਰੂ
ਗੁਰ ਦਲਾਵਰ = ਬਹਾਦਰ ਵਿਅਕਤੀ
ਗੁਰ ਦਾਤਾਰ = ਗੁਰੂ ਦਾਤਾ ਹੈ
ਗੁਰ ਦਿਆ = ਗੁਰੂ ਦਿਆਲੂ ਹੈ
ਗੁਰਦਿਆਲ = ਗੁਰੂ ਦਿਆਲੂ ਹੈ
ਗੁਰ ਦਿਆਵੰਤ = ਗੁਰੂ ਦਿਆਲੂ ਹੈ
ਗੁਰ ਦਿਆਵਾਨ = ਗੁਰੂ ਦਿਆਲੂ ਹੈ
ਗੁਰਦਿਤ = ਗੁਰੂ ਦਾਤਾ ਹੈ, ਗੁਰੂ ਦਾ ਦਿੱਤਾ ਹੋਇਆ
ਗੁਰ ਦਿਲ = ਗੁਰੂ ਦਾ ਪਿਆਰਾ
ਗੁਰ ਦਿਲਦਾਰ = ਗੁਰੂ ਦਾ ਪਿਆਰਾ
ਗੁਰ ਦਿਲਬਰ = ਗੁਰੂ ਦਾ ਪਿਆਰਾ
ਗੁਰ ਦੀਸ਼ = ਗੁਰੂ ਵੱਡਾ ਹੈ, ਮਾਲਕ ਹੈ
ਗੁਰ ਦੀਦਾਰ = ਗੁਰੂ ਦਾ ਦਰਸ਼ਨ
ਗੁਰ ਦੀਨ = ਗੁਰੂ 'ਚ ਸ਼ਰਧਾ, ਪਵਿੱਤਰ
ਗੁਰ ਦੀਪ = ਗੁਰੂ ਜੋਤਿ ਹੈ
ਗੁਰ ਦੀਪਕ = ਗੁਰੂ ਜੋਤਿ ਹੈ
ਗੁਰ ਦੀਵਾਨ = ਗੁਰੂ ਦਰਬਾਰ

ਗੁਰ ਦੁਲਾਰ = ਗੁਰੂ ਦਾ ਪਿਆਰ
ਗੁਰ ਦੂਤ = ਗੁਰੂ ਦਾ ਨਿਕਟੀ
ਗੁਰ ਦੇਵ = ਪਰਮਾਤਮਾ, ਵਾਹਿਗੁਰੂ
ਗੁਰ ਦੇਵਾ = ਪਰਮਾਤਮਾ, ਵਾਹਿਗੁਰੂ
ਗੁਰ ਦੌਲਤ = ਗੁਰੂ ਦੀ ਪੂੰਜੀ, ਗੁਰ ਸਿੱਧਾਂਤ
ਗੁਰ ਦ੍ਰਿਸ਼ਟ = ਗੁਰੂ ਦੀ ਝਾਕੀ
ਗੁਰ ਧੰਨ = ਗੁਰੂ ਮਹਾਨ ਹੈ
ਗੁਰ ਧਨਵੰਤ = ਗੁਰੂ ਮਹਾਂ ਖ਼ਜ਼ਾਨਾ ਹੈ
ਗੁਰ ਧਰਮ = ਗੁਰ ਸਿੱਧਾਂਤ, ਗੁਰ ਉਪਦੇਸ਼
ਗੁਰ ਧਰਮੰਤ = ਗੁਰ ਸਿੱਧਾਂਤ, ਗੁਰ ਉਪਦੇਸ਼
ਗੁਰ ਧਾਮ = ਗੁਰੂ ਅਸਥਾਨ
ਗੁਰ ਧਿਆਨ = ਗੁਰੂ ਨੂੰ ਯਾਦ ਕਰਨਾ।
ਗੁਰ ਧੀਰ = ਗੁਰੂ ਸ਼ਾਂਤ ਹੈ, ਗੁਰੂ ਦਾ ਸ਼ਾਂਤ ਸੁਭਾਅ
ਗੁਰ ਧੀਰਜ = ਗੁਰੂ ਸ਼ਾਂਤ ਹੈ, ਗੁਰੂ ਦਾ ਸ਼ਾਂਤ ਸੁਭਾਅ
ਗੁਰ ਨਸਰੀਨ = ਗੁਰੂ ਇਕ ਸੁਗੰਧੀ ਹੈ
ਗੁਰ ਨਸੀਹਤ = ਗੁਰੂ ਉਪਦੇਸ਼
ਗੁਰ ਨਸੀਬ = ਗੁਰੂ ਵੱਲੋਂ ਚੰਗੇ ਭਾਗ ਦੀ ਬਖ਼ਸ਼
ਗੁਰ ਨਸੀਮ = ਗੁਰੂ ਨਦਰ
ਗੁਰ ਨਰਿੰਦਰ = ਗੁਰੂ ਮਹਾਨ ਹੈ, ਗੁਰੂ ਦਾ ਸ੍ਰੇਸ਼ਟ
ਗੁਰ ਨਗੀਨਾ = ਗੁਰੂ ਮਹਾਨ ਹੈ, ਗੁਰੂ ਦਾ ਸ੍ਰੇਸ਼ਟ
ਗੁਰ ਨਰਪਾਲ = ਗੁਰੂ ਮਹਾਨ ਹੈ, ਪਰਮਾਤਮਾ, ਗੁਰੂ ਰਖਵਾਲਾ ਹੈ
ਗੁਰ ਨਰਿੰਦਰ = ਗੁਰੂ ਮਹਾਨ ਹੈ, ਪਰਮਾਤਮਾ, ਗੁਰੂ ਰਖਵਾਲਾ ਹੈ
ਗੁਰ ਨਰੈਣ = ਗੁਰੂ ਮਹਾਨ ਹੈ, ਪਰਮਾਤਮਾ, ਗੁਰੂ ਰਖਵਾਲਾ ਹੈ
ਗੁਰ ਨਰੋਤਮ = ਗੁਰੂ ਦਾ ਮਹਾਨ ਤੇ ਉੱਤਮ ਸੇਵਕ
ਗੁਰ ਨਵਜੀਤ = ਗੁਰੂ ਦਾ ਸ੍ਰੇਸ਼ਟ
ਗੁਰ ਨਵਜੋਤਿ = ਗੁਰੂ ਦਾ ਸ੍ਰੇਸ਼ਟ
ਗੁਰ ਨਵਰੂਪ = ਗੁਰੂ ਦਾ ਸ੍ਰੇਸ਼ਟ
ਗੁਰ ਨਵੀਨ = ਗੁਰੂ ਦਾ ਸ੍ਰੇਸ਼ਟ
ਗੁਰ ਨਾਹਰ = ਗੁਰੂ ਦਾ ਸ਼ੇਰ
ਗੁਰ ਨਾਜਰ = ਗੁਰੂ ਸਾਨੂੰ ਸੇਧ ਦਿੰਦਾ ਹੈ
ਗੁਰ ਨਾਥ = ਗੁਰੂ ਮਹਾਨ ਹੈ, ਪਰਮਾਤਮਾ, ਗੁਰੂ ਰਖਵਾਲਾ ਹੈ
ਗੁਰਨਾਮ = ਗੁਰੂ ਦਾ ਨਾਂਵ
ਗੁਰ ਨਾਰੰਗ = ਗੁਰੂ ਵੱਲੋਂ ਰੰਗ ਚੜ੍ਹਨਾ
ਗੁਰ ਨਿਸੰਗ = ਗੁਰੂ ਬੇਪਰਵਾਹ
ਗੁਰ ਨਿਸਚਲ = ਗੁਰੂ ਅਟੱਲ ਹੈ
ਗੁਰ ਨਿਸਤਾਰ = ਗੁਰੂ ਪਾਰ-ਉਤਾਰਾ ਕਰਨ ਵਾਲਾ
ਗੁਰ ਨਿਸ਼ਾਨ = ਗੁਰੂ ਦਾ ਨਾਮ
ਗੁਰ ਨਿਹਚਲ = ਗੁਰੂ ਅਟੱਲ ਹੈ
ਗੁਰ ਨਿਹਾਲ = ਗੁਰੂ ਦੀ ਖ਼ੁਸ਼ੀ
ਗੁਰ ਨਿਧਾਨ = ਗੁਰੂ ਖ਼ਜ਼ਾਨਾ ਹੈ
ਗੁਰ ਨਿਪੰਗ = ਗੁਰੂ ਸਦਾ ਅਟੱਲ ਹੈ
ਗੁਰ ਨਿਰਦੋਸ਼ = ਗੁਰੂ ਦੋਸ਼-ਰਹਿਤ ਹੈ
ਗੁਰ ਨਿਰਪੇਖ = ਗੁਰੂ ਅਦ੍ਰਿਸ਼ਟ ਹੈ
ਗੁਰ ਨਿਰਬਾਣ = ਗੁਰੂ ਮੁਕਤੀ ਦਾ ਸਾਧਨ ਹੈ
ਗੁਰ ਨਿਰਭੰਗ = ਗੁਰੂ ਅਟੱਲ ਹੈ
ਗੁਰ ਨਿਰਭੈ = ਗੁਰੂ ਨਿਡਰ ਹੈ
ਗੁਰ ਨਿਰਮਲ = ਗੁਰੂ ਸ਼ੁੱਧ ਹੈ
ਗੁਰ ਨਿਰਮਾਣ = ਗੁਰੂ ਨਿਮਰਤਾ ਦਾ ਪ੍ਰਤੀਕ ਹੈ
ਗੁਰ ਨਿਰਮੋਲ = ਗੁਰੂ ਮਹਾਨ ਹੈ
ਗੁਰ ਨਿਰਲੇਪ = ਗੁਰੂ ਨਿਰਪੱਖ ਹੈ
ਗੁਰ ਨਿਰਲੋਭ = ਗੁਰੂ ਲੋਭ ਰਹਿਤ ਹੈ
ਗੁਰ ਨਿਰਵੈਰ = ਗੁਰੂ ਵੈਰ ਰਹਿਤ ਹੈ
ਗੁਰ ਨਿਰੇਸ਼ = ਗੁਰੂ ਬਾਦਸ਼ਾਹ ਹੈ
ਗੁਰ ਨਿਰੋਲ = ਗੁਰੂ ਸ਼ੁੱਧ ਹੈ
ਗੁਰਨੀਰ = ਰੱਬੀ ਨਾਂਵ
ਗੁਰਨੂਰ = ਗੁਰੂ ਦੀ ਜੋਤਿ
ਗੁਰਨੇਕ = ਗੁਰੂ ਦਾ ਸ੍ਰੇਸ਼ਟ
ਗੁਰਨੇਮ = ਗੁਰੂ ਦੀ ਮਰਿਆਦਾ
ਗੁਰ ਨੈਤਕ = ਗੁਰੂ ਦੀ ਮਰਿਆਦਾ

ਗੁਰ ਨ੍ਰਿਪੇਸ਼ = ਗੁਰੂ ਬਾਦਸ਼ਾਹ ਹੈ
ਗੁਰ ਪੰਕਜ = ਗੁਰੂ ਦਾ ਸ੍ਰੇਸ਼ਟ ਜਾਂ ਨਿਰਲੇਪ
ਗੁਰ ਪੰਚ = ਗੁਰੂ ਜੱਜ ਹੈ
ਗੁਰ ਪਰਸ਼ੋਤਮ = ਗੁਰੂ ਦਾ ਸ੍ਰੇਸ਼ਟ
ਗੁਰ ਪੰਥ = ਗੁਰੂ ਦਾ ਰਸਤਾ
ਗੁਰ ਪਰਖ = ਗੁਰੂ ਦਾ ਪਰਖਿਆ ਹੋਇਆ
ਗੁਰ ਪਰਗਟ = ਗੁਰੂ ਦਾ ਪ੍ਰਕਾਸ਼
ਗੁਰ ਪਰਤਾਪ = ਗੁਰੂ ਦਾ ਗੌਰਵ
ਗੁਰ ਪਰਦੀਪ = ਅੰਗਮੀ ਜੋਤਿ
ਗੁਰ ਪਰਬੀਨ = ਗੁਰੂ ਪੂਰਾ ਹੈ
ਗੁਰ ਪਰਮ = ਗੁਰ ਮੁਖੀ ਹੈ
ਗੁਰ ਪਰਮੀਸ = ਗੁਰੂ ਮਹਾਨ ਹੈ
ਗੁਰ ਪਵਨ = ਗੁਰੂ ਦੀ ਜੋਤਿ
ਗੁਰ ਪਵਿੱਤਰ = ਗੁਰੂ ਪਵਿੱਤਰ ਹੈ
ਗੁਰ ਪਾਤਰ = ਗੁਰੂ ਦਾ ਵਿਸ਼ਵਾਸੀ
ਗੁਰ ਪਾਰਸ = ਗੁਰੂ ਤਾਂ ਪਾਰਸ ਹੈ, ਜਿਸ ਨਾਲ ਲੱਗ ਕੇ ਸਭ ਤਰ ਸਕਦੇ ਹਨ
ਗੁਰਪਾਲ = ਗੁਰੂ ਪਾਲਣਹਾਰ ਹੈ
ਗੁਰ ਪਾਲਕ = ਗੁਰੂ ਪਾਲਣਹਾਰਾ
ਗੁਰ ਪਿਆਰ = ਗੁਰੂ ਦਾ ਪਿਆਰਾ
ਗੁਰ ਪੀਰ = ਗੁਰੂ ਆਤਮਿਕ ਸੇਧ ਦੇਣ ਵਾਲਾ ਹੈ
ਗੁਰ ਪੂਰਨ = ਗੁਰੂ ਸੰਪੂਰਨ ਹੈ
ਗੁਰ ਪ੍ਰਕਾਸ਼ = ਗੁਰੂ ਦਾ ਪ੍ਰਕਾਸ਼
ਗੁਰ ਪ੍ਰਧਾਨ = ਗੁਰੂ ਸਭ ਤੋਂ ਵੱਡਾ ਹੈ
ਗੁਰ ਪ੍ਰਤੀਤ = ਗੁਰੂ ਦਾ ਵਿਸ਼ਵਾਸ
ਗੁਰ ਪ੍ਰਭ = ਗੁਰੂ ਪਰਮਾਤਮਾ
ਗੁਰ ਪ੍ਰਿਤਪਾਲ = ਗੁਰੂ ਪਾਲਣਹਾਰ ਹੈ
ਗੁਰਪ੍ਰੀਤ = ਗੁਰੂ ਦਾ ਪਿਆਰਾ
ਗੁਰ ਪ੍ਰੀਤਮ = ਗੁਰੂ ਪਤੀ ਪਰਮਾਤਮਾ
ਗੁਰ ਪ੍ਰੇਮ = ਗੁਰੂ ਦਾ ਪਿਆਰਾ
ਗੁਰ ਫ਼ਕੀਰ = ਗੁਰੂ ਦਾ ਸ੍ਰੇਸ਼ਟ
ਗੁਰ ਫ਼ਤਹ = ਗੁਰੂ ਦੀ ਫ਼ਤਹ
ਗੁਰ ਫ਼ੌਜ = ਗੁਰੂ ਦੀ ਫ਼ੌਜ
ਗੁਰ ਬਸੰਤ = ਗੁਰੂ ਦੀ ਖ਼ੁਸ਼ੀ
ਗੁਰ ਬਹਾਦਰ = ਗੁਰੂ ਬਹਾਦਰ
ਗੁਰ ਬਹਾਲ = ਗੁਰੂ ਪ੍ਰਵਾਨ
ਗੁਰ ਬਖ਼ਸ਼ = ਗੁਰੂ ਦੀ ਬਖ਼ਸ਼
ਗੁਰ ਬਖ਼ਸ਼ੰਦ = ਗੁਰੂ ਦੀ ਬਖ਼ਸ਼
ਗੁਰ ਬਖ਼ਸ਼ੀਸ਼ = ਗੁਰੂ ਦੀ ਬਖ਼ਸ਼
ਗੁਰ ਬਘੇਲ = ਗੁਰੂ ਦਾ ਸ਼ੇਰ
ਗੁਰ ਬਚਨ = ਗੁਰੂ ਦੇ ਬੋਲ, ਗੁਰੂ ਸਿਧਾਂਤ
ਗੁਰ ਬਚਿੰਤ = ਚਿੰਤਾ ਤੋਂ ਰਹਿਤ
ਗੁਰ ਬਚਿੱਤਰ = ਗੁਰੂ ਅਦਭੁੱਤ ਹੈ
ਗੁਰ ਬਤਨ = ਗੁਰ ਅਸਥਾਨ, ਗੁਰ-ਸੰਗਤ
ਗੁਰ ਬਦਨ = ਗੁਰੂ ਸਰੀਰ
ਗੁਰ ਬਲ = ਗੁਰੂ ਸ਼ਕਤੀ
ਗੁਰ ਬਲਹਾਰ = ਗੁਰੂ ਤੋਂ ਬਲਹਾਰ ਜਾਂ ਸਦਕੇ ਜਾਣਾ
ਗੁਰ ਬਲਕਾਰ = ਗੁਰੂ ਬਹਾਦਰ ਹੈ
ਗੁਰ ਬਾਘ = ਗੁਰੂ ਦਾ ਸ਼ੇਰ
ਗੁਰ ਬਾਜ਼ = ਗੁਰੂ ਸ਼ਕਤੀ ਦਾ ਪ੍ਰਤੀਕ
ਗੁਰ ਬਾਲਕ = ਗੁਰੂ ਦਾ ਸੇਵਕ
ਗੁਰ ਬਿਸ਼ਨ = ਗੁਰੂ ਭਗਤ, ਗੁਰੂ ਵੱਡਾ ਹੈ
ਗੁਰ ਬਿਕਰਮ = ਗੁਰੂ ਭਗਤ, ਵੱਡਾ ਗੁਰੂ ਹੈ
ਗੁਰ ਬਿਬੇਕ = ਸ੍ਰੇਸ਼ਟ ਬੁੱਧੀ
ਗੁਰ ਬਿਲਾਸ = ਗੁਰੂ ਦੀ ਖ਼ੁਸ਼ੀ
ਗੁਰ ਬੀਰ = ਗੁਰੂ ਬਹਾਦਰ
ਗੁਰ ਬੁਲੰਦ = ਗੁਰੂ ਦੀ ਚੜ੍ਹਦੀ ਕਲਾ
ਗੁਰ ਬੇਅੰਤ = ਗੁਰੂ ਅਥਾਹ ਹੈ
ਗੁਰ ਬੇਗ = ਗੁਰੂ ਦਾ ਤੇਜ
ਗੁਰ ਬ੍ਰਹਮ = ਗੁਰੂ ਪਰਮਾਤਮਾ ਹੈ
ਗੁਰ ਭਗਤ = ਗੁਰੂ ਦੀ ਭਗਤੀ ਜਾਂ ਬੰਦਗੀ
ਗੁਰ ਭਗਵੰਤ = ਗੁਰੂ ਪਰਮਾਤਮਾ
ਗੁਰ ਭਗਵਾਨ = ਗੁਰੂ ਪਰਮਾਤਮਾ
ਗੁਰ ਭਗੌਤ = ਗੁਰੂ ਸ਼ਕਤੀ ਦਾ ਪ੍ਰਤੀਕ
ਗੁਰ ਭਜਨ = ਗੁਰੂ ਬੰਦਗੀ ਜਾਂ ਸਿਮਰਨ
ਗੁਰ ਭਜਨੀਕ = ਗੁਰੂ ਦਾ ਸ਼ਰਧਾਲੂ

ਗੁਰ ਭੰਡਾਰ = ਗੁਰੂ ਦਾ ਖ਼ਜ਼ਾਨਾ

ਗੁਰ ਭਰਪੂਰ = ਗੁਰੂ ਪੂਰਾ ਹੈ

ਗੁਰ ਭਰੋਸਾ = ਗੁਰੂ 'ਚ ਵਿਸ਼ਵਾਸ

ਗੁਰ ਭਾਉ = ਗੁਰੂ 'ਚ ਸ਼ਰਧਾ

ਗੁਰ ਭਾਗ = ਗੁਰੂ ਦਾ ਵਡਭਾਗੀ

ਗੁਰ ਭਾਨ = ਗੁਰੂ ਦਾ ਸੂਰਮਾ

ਗੁਰ ਭਾਵਨ = ਗੁਰੂ ਅਸੀਸ

ਗੁਰ ਭੂਪ = ਗੁਰੂ ਪਾਤਸ਼ਾਹ ਹੈ

ਗੁਰ ਭੂਪਤ = ਗੁਰੂ ਪਾਤਸ਼ਾਹ ਹੈ

ਗੁਰ ਭੂਪਿੰਦਰ = ਗੁਰੂ ਪਾਤਸ਼ਾਹ ਹੈ

ਗੁਰ ਭੂਮਨ = ਗੁਰੂ ਮਾਲਕ ਹੈ

ਗੁਰ ਭੇਟ = ਗੁਰੂ ਨੂੰ ਸਮਰਪਣ

ਗੁਰ ਭੋਪਾਲ = ਗੁਰੂ ਪਾਲਣਹਾਰਾ ਹੈ

ਗੁਰ ਮਇਆ = ਗੁਰੂ ਕਿਰਪਾ

ਗੁਰ ਮਸਕੀਨ = ਗੁਰੂ ਦਾ ਨਿਮਰਤਾ ਭਰਪੂਰ ਸੇਵਕ

ਗੁਰ ਮਸਤ = ਗੁਰੂ ਦਾ ਮਤਵਾਲਾ

ਗੁਰ ਮਸਤਾਨ = ਗੁਰੂ ਦਾ ਮਤਵਾਲਾ

ਗੁਰ ਮਹੰਤ = ਗੁਰੂ ਵੱਡਾ ਹੈ

ਗੁਰ ਮਹਾਤਮ = ਵੱਡਾ ਪੁਰਖ

ਗੁਰ ਮਹਿਕ = ਰੂਹਾਨੀ ਖ਼ੁਸ਼ਬੂ

ਗੁਰ ਮਹਿਤਾਬ = ਗੁਰੂ ਚੰਦਰਮਾ ਹੈ

ਗੁਰ ਮਹਿੰਦਰ = ਗੁਰੂ ਮਹਾਨ ਹਸਤੀ ਹੈ

ਗੁਰ ਮਹਿਮਾ = ਗੁਰੂ ਦੀ ਵਡਿਆਈ

ਗੁਰ ਮਹੀਪ = ਗੁਰੂ ਪਾਤਸ਼ਾਹ ਹੈ

